


ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਮੰਗਲਵਾਰ, 31 ਅਗਸਤ 2021
(ਜਲੰਧਰ)

ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

R.N.I. Punpun/29016/2008 ✫ ਸਾਲ : 14 ✫ ਅੰਕ : 213 ✫ ਮੁੱਲ : 2.00 ਰੁਪਏ ✫ ਕੁੱਲ ਪੇਜ਼ : 10 ✫ ਫੈਕਸ : 0181-2211009 ✫ M. 99155-94111

## ਬੱਬੂ ਮਾਨ ਦਾ ਐਲਾਨ, ਕਿਸਾਨਾਂ 'ਤੇ ਡਾਂਗਾਂ ਵਰ੍ਹਾਉਣ ਵਾਲੇ ਪੁਲਿਸ ਮੁਲਾਜਮਾਂ ਦਾ ਕੀਤਾ ਜਾਵੇ ਬਾਈਕਾਟ

**ਚੰਡੀਗੜ੍ਹ/ਲੋਕ ਬਾਣੀ**

ਖੇਤੀ ਕਾਨੂੰਨਾਂ ਖਲਿਾਫ ਦੇਸ ਦੀ ਰਾਜਧਾਨੀ ਦਿੱਲੀ 'ਚ ਕਿਸਾਨ ਲੰਬੇ ਸਮੇਂ ਤੋਂ ਅੰਦੋਲਨ ਕਰ ਰਹੇ ਹਨ। ਕਿਸਾਨ ਅੰਦੋਲਨ ਦੇ 9 ਮਹੀਨੇ ਪੂਰੇ ਹੋ ਗਏ ਹਨ ਪਰ ਕੇਂਦਰ ਸਰਕਾਰ ਆਪਣੇ ਹੰਕਾਰਪੁਣੇ ਦਾ ਪ੍ਰਦਰਸ਼ਨ ਕਰ ਰਹੀ ਹੈ। ਇਸ ਦੇ ਚੱਲਦਿਆਂ ਕਿਸਾਨ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਆਪਣੀ ਆਵਾਜ਼ ਲਗਾਤਾਰ ਬੁਲੰਦ ਕਰ ਰਹੇ ਹਨ ਪਰ ਬੀਤੇ ਦਿਨੀਂ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਦੀਆਂ ਗਲਤ ਨੀਤੀਆਂ ਦਾ ਮੁਜ਼ਹਾਰਾ ਦੇਖਣ ਨੂੰ ਮਿਲਿਆ।

ਕਰਨਾਲ ਟੋਲ ਪਲਾਜਾ 'ਤੇ ਕਿਸਾਨਾਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ 'ਚ ਪੂਰੇ ਦੇਸ਼ 'ਚ ਵਿਰੋਧ ਦੀਆਂ ਆਵਾਜਾਂ ਉੱਠਣੀਆਂ ਸੁਰੂ ਹੋ ਗਈਆਂ ਹਨ। ਹਾਲ ਹੀ 'ਚ ਪੰਜਾਬ ਦੇ ਪ੍ਰਸਿੱਧ ਗਾਇਕ ਬੱਬੂ ਮਾਨ ਨੇ ਵੀ ਲਾਠੀਚਾਰਜ ਦੇ ਵਿਰੋਧ 'ਚ ਵੱਡਾ ਐਲਾਨ ਕੀਤਾ ਹੈ। ਬੱਬੂ ਮਾਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਪੋਸਟ ਸਾਂਝੀ ਕੀਤੀ ਹੈ, ਜਿਸ 'ਚ ਉਨ੍ਹਾਂ ਨੇ ਲਿਖਿਆ ਹੈ, "ਸ਼ਾਂਤਮਈ ਧਰਨਾਕਾਰੀ ਕਿਸਾਨਾਂ 'ਤੇ ਡਾਂਗ ਵਰ੍ਹਉਣ ਵਾਲੇ ਹਰ ਪੁਲਸ ਮੁਲਾਜਮ ਦਾ ਪਿੰਡ-ਪਿੰਡ ਸ਼ਹਿਰ-ਸ਼ਹਿਰ ਸਮਾਜਿਕ ਪੱਧਰ 'ਤੇ ਬਾਈਕਾਟ ਕੀਤਾ ਜਾਵੇ। ਮੈਂ ਅੱਜ ਤੋਂ ਕਰਦਾ ਹਾਂ। ਜਦੋਂ ਤੱਕ ਕਾਲੇ ਕਾਨੂੰਨ ਰੱਦ ਨਹੀਂ ਹੁੰਦੇ ਹਰ ਸਿਆਸੀ ਜਮਾਤ ਦਾ ਬਾਈਕਾਟ ਕੀਤਾ ਜਾਵੇ।" ਦੱਸਣਯੋਗ ਹੈ ਕਿ ਇਸ ਲਾਠੀਚਾਰਜ ਦੌਰਾਨ ਕਈ ਕਿਸਾਨਾਂ ਦੇ ਸਿਰ ਫੱਟੇ, ਜਿਨ੍ਹਾਂ 'ਚੋਂ ਇਕ ਕਿਸਾਨ ਦੀ ਮੌਤ ਹੋ ਗਈ ਹੈ। ਕਿਸਾਨਾਂ ਨਾਲ ਹੋਈ ਇਸ ਘਟਨਾ ਨੇ ਹਰ ਇੱਕ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੰਜਾਬੀ ਕਲਾਕਾਰਾਂ ਨੇ ਵੀ ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਕੇਂਦਰ ਸਰਕਾਰ ਤੇ ਹਰਿਆਣਾ ਸਰਕਾਰ ਨੂੰ ਲਾਹਨਤਾਂ ਪਾਈਆਂ ਹਨ।



## ਮਾਹਰਾਂ ਦਾ ਦਾਅਵਾ, ਅਕਤੂਬਰ-ਨਵੰਬਰ 'ਚ ਚੋਟੀ 'ਤੇ ਹੋਵੇਗੀ ਕੋਰੋਨਾ ਦੀ ਤੀਜੀ ਲਹਿਰ



**ਨਵੀਂ ਦਿੱਲੀ/ਲੋਕ ਬਾਣੀ**

ਭਾਰਤ ਵਿੱਚ ਕੋਰੋਨਾ ਦੀ ਤੀਜੀ ਲਹਿਰ ਕਦੋਂ ਆਵੇਗੀ, ਇਸ ਨੂੰ ਲੈ ਕੇ ਵੱਖ-ਵੱਖ ਸੰਭਾਵਨਾਵਾਂ ਸਪੱਸ਼ਟ ਕੀਤੀਆਂ ਜਾ ਰਹੀਆਂ ਹਨ। ਇਸ ਵਿੱਚ ਮਾਹਰਾਂ ਨੇ ਇੱਕ ਦਾਅਵਾ ਕੀਤਾ ਹੈ। ਇਸ ਦਾਅਵੇ ਮੁਤਾਬਕ ਭਾਰਤ ਵਿੱਚ ਕੋਵਿਡ-19 ਦੀ ਤੀਜੀ ਲਹਿਰ ਅਕਤੂਬਰ ਅਤੇ ਨਵੰਬਰ ਵਿਚਾਲੇ ਚੋਟੀ 'ਤੇ ਹੋ ਸਕਦੀ ਹੈ। ਹਾਲਾਂਕਿ ਇਸ ਦੀ ਤੀਬਰਤਾ ਦੂਜੀ ਲਹਿਰ ਦੀ ਤੁਲਨਾ ਵਿੱਚ ਕਾਫ਼ੀ ਘੱਟ ਹੋਵੇਗੀ। ਮਹਾਮਾਰੀ ਦੇ ਗਣਿਤ ਮਾਡਲਿੰਗ ਵਿੱਚ ਸਾਮਲ ਇੱਕ ਵਿਗਿਆਨੀ ਨੇ ਇਹ ਗੱਲ ਸੋਮਵਾਰ ਨੂੰ ਕਹੀ। ਆਈ.ਆਈ.ਟੀ.-ਕਾਨਪੁਰ ਦੇ ਵਿਗਿਆਨੀ ਮਣਿੰਦਰ ਅਗਰਵਾਲ ਨੇ ਕਿਹਾ ਕਿ ਜੇਕਰ ਕੋਈ ਨਵਾਂ ਰੂਪ ਨਹੀਂ ਆਉਂਦਾ ਹੈ ਤਾਂ ਸਥਿਤੀ ਵਿੱਚ ਬਦਲਾਅ ਦੀ ਸੰਭਾਵਨਾ ਨਹੀਂ ਹੈ। ਉਹ ਤਿੰਨ ਮੈਂਬਰੀ ਮਾਹਰ ਦਲ ਦਾ ਹਿੱਸਾ ਹਨ ਜਿਸ ਨੂੰ ਇਨਫੈਕਸ਼ਨ ਵਿੱਚ ਵਾਧੇ ਦਾ ਅਨੁਮਾਨ ਲਗਾਉਣ ਦਾ ਕੰਮ ਦਿੱਤਾ ਗਿਆ ਹੈ।

## ਦੁਬਈ ਤੋਂ ਅੰਮ੍ਰਿਤਸਰ ਆਏ ਯਾਤਰੀ ਕੋਲੋਂ 29 ਲੱਖ ਦਾ ਸੋਨਾ ਜਬਤ

**ਅੰਮ੍ਰਿਤਸਰ/ਲੋਕ ਬਾਣੀ**

ਐੱਸ.ਜੀ.ਆਰ.ਡੀ. ਏਅਰਪੋਰਟ ਅੰਮ੍ਰਿਤਸਰ 'ਤੇ ਦੁਬਈ ਤੋਂ ਅੰਮ੍ਰਿਤਸਰ ਆਏ ਇਕ ਯਾਤਰੀ ਕੋਲੋਂ ਕਸਟਮ ਵਿਭਾਗ ਦੀ ਟੀਮ ਨੇ 29 ਲੱਖ ਰੁਪਏ ਦੀ ਕੀਮਤ ਦਾ ਸੋਨਾ ਜਬਤ ਕੀਤਾ ਹੈ। ਜਾਣਕਾਰੀ ਅਨੁਸਾਰ ਯਾਤਰੀ ਨੇ ਪੇਸਟ ਫੋਰਮ ਅਤੇ ਪਾਣੀ 'ਚ ਸੋਨਾ ਘੋਲ ਕੇ ਲੁਕਾਇਆ ਹੋਇਆ ਸੀ ਅਤੇ ਵਿਭਾਗ ਨੂੰ ਦੱਸ ਰਿਹਾ ਸੀ ਕਿ ਇਹ ਡਿਟੋਲ ਅਤੇ ਹੋਰ ਜ਼ਰੂਰੀ ਸਾਮਾਨ ਨਾਲ ਲੈ ਕੇ ਜਾ ਰਿਹਾ ਹੈ।



ਯਾਤਰੀ ਦੇ ਸਾਮਾਨ ਦੀ ਜਦੋਂ ਜਾਂਚ ਕੀਤੀ ਗਈ ਤਾਂ ਉਸ ਪਾਣੀ 'ਚੋਂ ਸੋਨਾ ਨਿਕਲਿਆ। ਵਿਭਾਗ ਨੇ ਉਕਤ ਯਾਤਰੀ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡਬਲਿਯੂ.ਐੱਚ.ਓ. ਨੇ ਅਫਗਾਨਿਸਤਾਨ 'ਚ 12.5 ਟਨ ਮੈਡੀਕਲ ਸਮੱਗਰੀ ਭੇਜੀ

**ਜਿਨੇਵਾ/ਲੋਕ ਬਾਣੀ**

ਵਿਸ਼ਵ ਸਿਹਤ ਸੰਗਠਨ (ਡਬਲਿਯੂ.ਐੱਚ.ਓ.) ਨੇ ਸੋਮਵਾਰ ਨੂੰ ਅਫਗਾਨਿਸਤਾਨ ਨੂੰ 12.5 ਟਨ ਮੈਡੀਕਲ ਸਮੱਗਰੀ ਦੀ ਸਪਲਾਈ ਕੀਤੀ। ਪੂਰਬੀ ਮੈਡੀਟੇਰੀਅਨ ਲਈ ਡਬਲਿਯੂ.ਐੱਚ.ਓ. ਦੇ ਖੇਤਰੀ ਨਿਰਦੇਸ਼ਕ ਅਹਿਮਦ ਅਲ ਮੰਧਾਰੀ ਨੇ ਕਿਹਾ, "ਮੈਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਲਗਾਤਾਰ ਕਈ ਦਿਨਾਂ ਤੱਕ ਕੰਮ ਕਰ ਸੰਕਟ ਦਾ ਹੱਲ ਲੱਭਣ ਤੋਂ ਬਾਅਦ ਅਸੀਂ ਹੁਣ ਅਫਗਾਨਿਸਤਾਨ ਵਿੱਚ ਸਿਹਤ ਸਹੂਲਤਾਂ ਦੇ ਭੰਡਾਰ ਨੂੰ ਅੰਸਕ ਤੌਰ 'ਤੇ ਭਰਨ ਵਿੱਚ ਸਮਰੱਥ ਹਾਂ ਅਤੇ ਇਹ ਯਕੀਨੀ ਕਰਦੇ ਹਾਂ ਕਿ ਫਿਲਹਾਲ ਲਈ ਡਬਲਿਯੂ.ਐੱਚ.ਓ. ਸਮਰੱਥ ਸਿਹਤ ਸੇਵਾਵਾਂ ਜਾਰੀ ਰਹਿ ਸਕਣ। ਡਬਲਿਯੂ.ਐੱਚ.ਓ. ਵਲੋਂ ਭੇਜੀ ਗਈ ਮੈਡੀਕਲ ਸਮੱਗਰੀ ਨੂੰ ਅਫਗਾਨਿਸਤਾਨ ਦੇ 29 ਸੂਬਿਆਂ ਵਿੱਚ 40 ਸਿਹਤ ਸਹੂਲਤ ਕੇਂਦਰਾਂ ਵਿੱਚ ਵੰਡੇ ਜਾਣ ਦੀ ਉਮੀਦ ਹੈ।

## ਪੰਜਾਬ ਸਰਕਾਰ ਵਲੋਂ ਚਾਰ ਆਈ.ਏ.ਐਸ ਅਧਿਕਾਰੀਆਂ ਦੇ ਤਬਾਦਲੇ ਤੇ ਤਾਇਨਾਤੀਆਂ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਸਰਕਾਰ ਨੇ ਅੱਜ ਚਾਰ ਆਈ.ਏ.ਐਸ. ਅਧਿਕਾਰੀਆਂ ਦੇ ਤਬਾਦਲੇ/ਤਾਇਨਾਤੀਆਂ ਦੇ ਹੁਕਮ ਜਾਰੀ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਸ੍ਰੀ ਅਨੁਰਾਗ ਅਗਰਵਾਲ ਨੂੰ ਵਧੀਕ ਮੁੱਖ ਸਕੱਤਰ, ਬਿਜਲੀ ਅਤੇ ਵਾਧੂ ਚਾਰਜ ਵਧੀਕ ਮੁੱਖ ਸਕੱਤਰ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਵਾਧੂ ਚਾਰਜ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਅਤੇ ਵਾਧੂ ਚਾਰਜ ਵਧੀਕ ਮੁੱਖ ਸਕੱਤਰ, ਸਾਇੰਸ ਤਕਨਾਲੋਜੀ ਅਤੇ ਵਾਤਾਵਰਣ ਅਤੇ ਵਾਧੂ ਚਾਰਜ ਮਿਸ਼ਨ ਡਾਇਰੈਕਟਰ, ਤੰਦਰੁਸਤ ਪੰਜਾਬ, ਅਨੁਰਾਗ ਵਰਮਾ ਨੂੰ ਪ੍ਰਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਅਤੇ ਵਾਧੂ ਚਾਰਜ ਪ੍ਰਮੁੱਖ ਸਕੱਤਰ, ਚੋਣਾਂ, ਰਮੇਸ਼ ਕੁਮਾਰ ਗੰਟਾ ਨੂੰ ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਵਿਵੇਕ ਪ੍ਰਤਾਪ ਸਿੰਘ ਨੂੰ ਪ੍ਰਮੁੱਖ ਸਕੱਤਰ, ਪ੍ਰਸੋਨਲ ਅਤੇ ਵਾਧੂ ਚਾਰਜ ਪ੍ਰਮੁੱਖ ਸਕੱਤਰ, ਵਿਜੀਲੈਂਸ ਅਤੇ ਵਾਧੂ ਚਾਰਜ ਪ੍ਰਮੁੱਖ ਸਕੱਤਰ, ਜਨਰਲ ਐਡਮਿਨਸਟ੍ਰੇਸ਼ਨ ਅਤੇ ਕੋਆਰਡੀਨੇਸ਼ਨ ਅਤੇ ਵਾਧੂ ਚਾਰਜ ਪ੍ਰਮੁੱਖ ਸਕੱਤਰ, ਸੰਸਦੀ ਮਾਮਲੇ ਤਾਇਨਾਤ ਕੀਤਾ ਗਿਆ ਹੈ।




## ਲੂਈਸਿਆਨਾ 'ਚ ਤੂਫਾਨ ਇਡਾ ਕਾਰਨ ਹੋਈ ਮੌਤ ਤੇ ਸੈਂਕੜੇ ਘਰਾਂ ਦੀ ਬਿਜਲੀ ਬੰਦ

**ਫਰਿਜਨੋ/ਲੋਕ ਬਾਣੀ :** ਅਮਰੀਕੀ ਸੂਬੇ ਲੂਈਸਿਆਨਾ ਵਿੱਚ ਐਤਵਾਰ ਨੂੰ ਜਬਰਦਸਤ ਤੂਫਾਨ ਇਡਾ ਨੇ ਦਸਤਕ ਦਿੱਤੀ ਹੈ। ਇਸ ਤੂਫਾਨ ਨੇ ਭਾਰੀ ਤਬਾਹੀ ਮਚਾਉਂਦਿਆਂ 1 ਵਿਅਕਤੀ ਦੀ ਜਾਨ ਲੈ ਲਈ ਹੈ ਅਤੇ ਸੈਂਕੜੇ, ਹਜਾਰਾਂ ਘਰਾਂ ਦੀ ਬਿਜਲੀ ਨੂੰ ਵੀ ਬੰਦ ਕੀਤਾ ਹੈ। ਸੂਬਾ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੂਫਾਨ ਇਡਾ ਕਾਰਨ ਇੱਕ 60 ਸਾਲਾਂ ਵਿਅਕਤੀ ਦੀ ਦਰਖਤ ਨਾਲ ਡਿੱਗਣ ਕਾਰਨ ਮੌਤ ਹੋ ਗਈ ਹੈ। ਇਹ ਮੌਤ ਦੀ ਘਟਨਾ ਅਸੈਂਸਨ ਪੈਰਿਸ, ਨਿਊ ਓਰਲੀਨਜ ਦੇ ਉੱਤਰ-ਪੱਛਮ ਵਿੱਚ ਦਰਜ ਕੀਤੀ ਗਈ ਹੈ। ਐਤਵਾਰ ਨੂੰ ਇਡਾ ਨੇ ਰਾਜ ਦੇ ਸਮੁੰਦਰੀ ਕੰਢੇ 'ਤੇ ਖਤਰਨਾਕ ਸ੍ਰੇਣੀ 4 ਦੇ ਤੂਫਾਨ ਵਜੋਂ 150 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਦਸਤਕ ਦਿੱਤੀ। ਇਹ ਤੂਫਾਨ ਸੂਬੇ ਦੇ ਅੰਦਰੂਨੀ ਖੇਤਰਾਂ ਵਿੱਚ ਘੁੰਮਦਾ ਰਿਹਾ ਅਤੇ ਇਸਨੇ ਫਿਰ ਸ੍ਰੇਣੀ 2 ਵਜੋਂ ਨਿਊ ਓਰਲੀਨਜ ਨੂੰ 30 ਮੀਲ ਦੀ ਰਫਤਾਰ ਨਾਲ ਪਾਰ ਕੀਤਾ। ਇਸ ਤੂਫਾਨ ਕਾਰਨ ਨਿਊ ਓਰਲੀਨਜ ਦੇ ਨਿਵਾਸੀਆਂ ਨੂੰ ਬਿਜਲੀ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪਿਆ।


## ਤਲਵੰਡੀ ਸਾਬੋ ਤੋਂ ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜਾਨਾ ਲੋਕ ਬਾਣੀ ਅਖਬਾਰ ਵੱਲੋਂ ਗੁਰਜੰਟ ਸਿੰਘ ਨਠੇਹਾ ਨੂੰ ਤਲਵੰਡੀ ਸਾਬੋ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

8968727272

## ਦੇਸ਼ ਸਰਹੱਦ ਪਾਰ ਅੱਤਵਾਦੀ ਟਿਕਾਣੀਆਂ ਨੂੰ ਤਬਾਹ ਕਰਨ 'ਚ ਸਫਲ : ਰਾਜਨਾਥ ਸਿੰਘ



**ਚੰਡੀਗੜ੍ਹ/ਲੋਕ ਬਾਣੀ :** ਦੁਨੀਆ ਦੀ ਕੋਈ ਤਾਕਤ 'ਦੇਸ਼ ਦੇ ਤਾਜ' ਜੰਮੂ ਅਤੇ ਕਸ਼ਮੀਰ ਨੂੰ ਭਾਰਤ ਤੋਂ ਵੱਖ ਨਹੀਂ ਕਰ ਸਕਦੀ ਹੈ। ਮੌਜੂਦਾ ਸਥਿਤੀ ਵਿੱਚ ਅੱਤਵਾਦ ਖਲਿਾਫ ਭਾਰਤ ਦੇਸ਼ ਦੇ ਅੰਦਰ ਕਾਰਵਾਈ ਤਾਂ ਕਰ ਹੀ ਰਿਹਾ ਹੈ ਨਾਲ ਹੀ ਲੋੜ ਪੈਣ 'ਤੇ ਸਰਹੱਦ ਪਾਰ ਅੱਤਵਾਦੀ ਟਿਕਾਣੀਆਂ ਨੂੰ ਤਬਾਹ ਕਰਨ ਵਿੱਚ ਵੀ ਸਫਲਤਾ ਪ੍ਰਾਪਤ ਕਰ ਰਿਹਾ ਹੈ। ਇਹ ਗੱਲ ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੰਜਾਬ ਯੂਨਿਵਰਸਿਟੀ ਦੁਆਰਾ ਆਯੋਜਿਤ ਤੀਸਰੇ ਬਲਰਾਮਜੀ ਦਾਸ ਟੰਡਨ ਮੈਮੋਰੀਅਲ ਲੈਕਚਰ ਦੇ ਤਹਿਤ 'ਨੈਸ਼ਨਲ ਸਕਿਊਰਿਟੀ' ਵਿਸ਼ਾ 'ਤੇ ਆਪਣੇ ਵਿਚਾਰ ਰੱਖਦੇ ਹੋਏ ਕਹੀ। ਰਾਜਨਾਥ ਸਿੰਘ ਨੇ ਆਪਣੇ ਸੰਬੋਧਨ ਵਿੱਚ ਜੋਰ ਦਿੰਦੇ ਹੋਏ ਕਿਹਾ ਕਿ ਭਾਰਤ ਦੀ ਤਾਕਤ ਦੇ ਪੈਮਾਨੇ ਤੋਂ ਹੁਣ ਪੂਰਾ ਵਿਸ਼ਵ ਜਾਣੂ ਹੋ ਚੁੱਕਾ ਹੈ। ਪਿਛਲੇ ਸਾਲਾਂ ਵਿੱਚ ਭਾਰਤੀ ਫੌਜ ਦੀ ਕਾਰਵਾਈ ਵਿੱਚ ਬਹੁਤ ਬਦਲਾਅ ਦੇਖਣ ਨੂੰ ਮਿਲਿਆ ਹੈ।

## ਨੰਗਲ-ਚੰਡੀਗੜ੍ਹ ਮਾਰਗ 'ਤੇ ਵਾਪਰੇ ਸੜਕ ਹਾਦਸੇ 'ਚ 1 ਦੀ ਮੌਤ, 2 ਗੰਭੀਰ ਜਖਮੀ



**ਨੰਗਲ/ਲੋਕ ਬਾਣੀ :** ਨੰਗਲ-ਚੰਡੀਗੜ੍ਹ ਮੁੱਖ ਮਾਰਗ 'ਤੇ ਸਥਿਤ ਭਨੁਪਲੀ ਕਸਬੇ ਦੇ ਨਜ਼ਦੀਕ ਹੋਏ ਸੜਕ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਦੋ ਲੋਕਾਂ ਨੂੰ ਗੰਭੀਰ ਜਖਮੀ ਹੋਣ 'ਤੇ ਭਾਈ ਜੈਤਾ ਸਿਵਲ ਹਸਪਤਾਲ ਸ੍ਰੀ ਅੰਨਦਪੁਰ ਸਾਹਿਬ ਵਿਚ ਦਾਖਲ ਕਰਵਾਇਆ ਗਿਆ ਹੈ। ਇਹ ਹਾਦਸਾ ਬਲੈਰੋ ਅਤੇ ਸ਼ਰਧਾਲੂਆਂ ਨਾਲ ਭਰੇ ਕੈਂਟਰ ਵਿਚਕਾਰ ਹੋਇਆ। ਮਿਲੀ ਜਾਣਕਾਰੀ ਦੇ ਮੁਤਾਬਿਕ ਨੈਸ਼ਨਲ ਹਾਈਵੇ ਦੇ ਕੰਢੇ ਵਸੇ ਪਿੰਡ ਭਨੁਪਲੀ-ਬਿਲਾਸਪੁਰ ਰੇਲ ਮਾਰਗ ਦੀ ਉਸਾਰੀ ਵਿਚ ਜੁਟੀ ਇਕ ਕੰਪਨੀ ਦੇ ਤਿੰਨ ਕਰਮਚਾਰੀ ਬਲੈਰੋ ਵਿਚ ਸਵਾਰ ਹੋ ਕੇ ਸ੍ਰੀ ਅੰਨਦਪੁਰ ਸਾਹਿਬ ਵੱਲ ਜਾ ਰਹੇ ਸਨ ਕਿ ਅਚਾਨਕ ਇਨ੍ਹਾਂ ਦੀ ਗੱਡੀ ਦੇ ਅੱਗੇ ਸੁੱਕੇ ਬੂਟੇ ਦਾ ਇਕ ਹਿੱਸਾ ਡਿੱਗਿਆ। ਜਿਸਦੇ ਨਾਲ ਗੱਡੀ ਦੇ ਚਾਲਕ ਤੋਂ ਗੱਡੀ ਬੇਕਾਬੂ ਹੋ ਗਈ ਅਤੇ ਗੱਡੀ ਨੰਗਲ ਵੱਲ ਨੂੰ ਜਾ ਰਹੇ ਇਕ ਕੈਂਟਰ ਨਾਲ ਜਾ ਟਕਰਾਈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਨਾਇਬ ਸੂਬੇਦਾਰ ਸ਼ਹੀਦ ਰਾਜਵਿੰਦਰ ਸਿੰਘ ਦੀ ਪਹਿਲੀ ਬਰਸੀ ਤੇ ਔਲਖ ਵੱਲੋਂ ਸ਼ਰਧਾ ਦੇ ਫੁੱਲ ਭੇਟ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇੱਕ ਸਾਲ ਬਾਅਦ ਨਾਇਬ ਸੂਬੇਦਾਰ ਰਾਜਵਿੰਦਰ ਸਿੰਘ ਹੁਣਾਂ ਦੀ ਬਰਸੀ ਤੇ ਪੁਹੰਚੀ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਦੀ ਰਹਿਨੁਮਾਈ ਕਰਦੀਆਂ ਹਲਕਾ ਖਡੂਰ ਸਾਹਿਬ ਤੋ ਸੀਨੀਅਰ ਆਗੂ ਸ੍ਰ ਗੁਰਸੇਵਕ ਸਿੰਘ ਔਲਖ, ਜਲ੍ਹਿਾ ਪ੍ਰੈਸ ਸਕੱਤਰ ਹਰਪ੍ਰੀਤ ਸਿੰਘ ਧੁੰਨਾ ਵੱਲੋਂ ਰਾਜਵਿੰਦਰ ਸਿੰਘ ਜੀ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਗਏ ਇਸ ਦੌਰਾਨ ਉਨ੍ਹਾਂ ਦੇ ਪਰਿਵਾਰ ਨਾਲ ਮਿਲਣ ਉਪਰੰਤ ਪਤਾ ਲੱਗਾ ਕਿ ਅੱਜ ਸਹੀਦ ਫੌਜੀ ਦੀ ਬਰਸੀ ਤੇ ਆਮ ਆਦਮੀ ਪਾਰਟੀ ਤੋਂ ਇਲਾਵਾ ਹੋਰ ਕਿਸੇ ਵੀ ਪਾਰਟੀ ਨੇ ਸਹੀਦ ਨੂੰ ਸਰਧਾ ਦੇ ਫੁੱਲ ਭੇਟ ਨਹੀਂ ਕੀਤੀ ਪਰਿਵਾਰ ਨੇ ਅੱਗੇ ਦੁਖੜਾ ਸੁਣਾਉਂਦੇ ਹੋਏ ਦੱਸਿਆ ਕਿ ਸਾਡੇ ਨਾਲ ਜੋ ਸਰਕਾਰ ਨੇ ਵਾਅਦੇ ਕੀਤੇ ਸੀ ਉਨ੍ਹਾਂ ਵਿਚੋਂ ਇਕ ਵੀ ਪੂਰਾ ਨਹੀਂ ਕੀਤਾ ਨਾ ਖੇਡ ਸਟੇਡੀਅਮ ਉਸਾਰਿਆ ਗਿਆ ਨਾ ਹੀ ਸਹੀਦ ਦੀ ਯਾਦਗਾਰ ਵਿਚ ਨਾ ਹੀ ਸਕੂਲ ਦਾ ਨਾਂ ਬਦਲ ਕੇ ਸਹੀਦ ਦੇ ਨਾਮ ਤੇ ਰੱਖਿਆ ਗਿਆ ਤੇ ਨਾ ਹੀ ਪਰਿਵਾਰ ਨੂੰ 50 ਲੱਖ ਰੁਪਏ ਦੀ ਜੋ ਮਾਲੀ ਸਹਾਇਤਾ ਦਾ ਐਲਾਨ ਕੀਤਾ ਗਿਆ ਸੀ ਉਹ ਵੀ ਪੂਰਾ ਨਹੀਂ ਕੀਤਾ ਗਿਆ ਆਪ ਆਗੂਆਂ ਨੇ ਦੁੱਖੜੇ ਸੁਣਦੇ ਹੋਏ ਸਰਕਾਰ ਨੂੰ ਦੋਹਾਂ ਹੱਥ ਲਾਹਨਤਾਂ ਦੇਣਦਿਆਂ ਕਿਹਾ ਕਿ ਪੰਜਾਬ ਸਰਕਾਰ ਨਕਾਰਾ ਹੋ ਚੁੱਕੀ ਜਿਸ ਨੇ ਪੰਜਾਬੀਆਂ ਨੂੰ ਹਮੇਸਾ ਹੀ ਝੂਠ ਤੇ ਧੋਖਾ ਤੋ ਸਵਾ ਕੁਝ ਨਹੀਂ ਦਿੱਤਾ ਹੈ ਉਨ੍ਹਾਂ ਨੇ ਸਹੀਦਾਂ ਦਾ ਕੀ ਸਨਮਾਨ ਕਰਨਾ ਹੈ ਜਿਨ੍ਹਾਂ ਨੂੰ ਅੱਜ ਗੋਇੰਦਵਾਲ ਸਾਹਿਬ ਦੇ ਸ਼ਹੀਦ ਰਾਜਵਿੰਦਰ ਸਿੰਘ ਨਾਇਬ ਸੂਬੇਦਾਰ ਦਾ ਚੇਤਾ ਵੀ ਨਹੀਂ ਆਇਆ ਕਿ ਅੱਜ ਸਹੀਦ ਰਾਜਵਿੰਦਰ ਸਿੰਘ ਦੀ ਬਰਸੀ ਹੈ ਤੇ ਅਸੀਂ ਉਥੇ ਸਰਧਾ ਦੇ ਫੁੱਲ ਭੇਟ ਕਰਨ ਜਾਣਾ ਹੈ ਪਰਿਵਾਰ ਨਾਲ ਦੁੱਖ ਸਾਂਝਾ ਕਰਨਾ ਹੈ ਪੰਜਾਬ ਦੀ ਨਕਾਰਾ ਸਰਕਾਰ ਤੇ ਉਸ ਦੇ ਨੁਮਾਇੰਦੇ ਕੇਜਰੀਵਾਲ ਸਰਕਾਰ ਨੂੰ ਭੰਡਣ ਤੋਂ ਸਾਹ ਨਹੀਂ ਲੈਂਦੇ।ਪਰ ਕੇਜਰੀਵਾਲ ਸਰਕਾਰ ਦਿੱਲੀ ਵਿੱਚ ਸਹੀਦ ਹੋਏ ਫੌਜੀਆਂ ਨੂੰ ਇੱਕ ਕਰੋੜ ਰੁਪਏ ਉਨ੍ਹਾਂ ਦੇ ਭੋਗ ਤੋ ਪਹਿਲਾਂ ਹੀ ਦੇ ਦਿੰਦੀ ਹੈ ਅੱਗੇ ਉਨ੍ਹਾਂ ਹਲਕਾ ਦੇ ਐਮ ਐਲ ਏ ਰਮਨਜੀਤ ਸਿੰਘ ਸਿੱਕੀ ਨੂੰ ਕਿਹਾ ਕਿ ਇਹ ਹਲਕੇ ਦਾ ਨਮਾਇੰਦਾ ਹੋਣ ਦੇ ਨਾਤੇ ਇਸ ਪਰਿਵਾਰ ਦੀ ਸਾਰ ਲੈਣੀ ਚਾਹੀਦੀ ਸੀ ਤੇ ਹੁਣ ਤੱਕ ਪਰਿਵਾਰ ਨਾਲ ਕੀਤੇ ਵਾਅਦੇ ਪੂਰੇ ਹੋਣੇ ਚਾਹੀਦੇ ਸਨ ਇਸ ਮੌਕੇ ਤੇ ਬਲਾਕ ਪ੍ਰਧਾਨ ਰਣਜੀਤ ਸਿੰਘ ਪਵਾਰ,ਫੌਜੀ ਹਰਪ੍ਰੀਤ ਸਿੰਘ,ਨੀਲ ਕਮਲ ਜੋਸ਼ੀ, ਅਵਤਾਰ ਸਿੰਘ ਚਾਹਲ, ਹਰਜਿੰਦਰ ਸਿੰਘ, ਹਰਜਿੰਦਰਪਾਲ ਸਿੰਘ, ਸਿਮਰਨਜੀਤ ਸਿੰਘ, ਆਦਿ ਹਾਜਿਰ ਸਨ।

# ਪੁਲਿਸ ਪ੍ਰਸਾਸਨ ਲੋਕਾਂ ਨੂੰ ਬਿਹਤਰ ਅਤੇ ਪਾਰਦਰਸੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਸਵੱਪਨ ਸ਼ਰਮਾ



- ਅਮਨ ਕਾਨੂੰਨ ਦੀ ਸਥਿਤੀ ਖਰਾਬ ਕਰਨ ਵਾਲੇ ਸਰਾਰਤੀ ਅਨਸਰਾਂ ਨੂੰ ਬਖਸਿਆ ਨਹੀ ਜਾਵੇਗਾ-ਐਸ.ਐਸ.ਪੀ
- ਐਸ.ਐਸ.ਪੀ. ਨੇ ਜਲਿਾ ਵਾਸੀਆਂ ਨੂੰ ਜਨਮ ਅਸਟਮੀ ਦੇ ਸੁਭ ਦਿਹਾੜੇ ਦਿੱਤੀ ਮੁਬਾਰਕਬਾਦ

**ਸੰਗਰੂਰ/ਵਰਮਾ**

ਜਿਲਾ ਸੰਗਰੂਰ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਏ ਰੱਖਣ ਲਈ ਸਰਾਰਤੀ ਅਨਸਰਾਂ ਨੂੰ ਕਿਸੇ ਵੀ ਢੰਗ ਨਾਲ ਮਾਹੌਲ ਖਰਾਬ ਕਰਨ ਦੀ ਇਜਾਜਤ ਨਹੀ ਦਿੱਤੀ ਜਾਵੇਗੀ। ਪੁਲਿਸ ਪ੍ਰਸਾਸਨ ਲੋਕਾਂ ਨੂੰ ਬਿਹਤਰ ਅਤੇ ਪਾਰਦਰਸੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰਾਂ ਵਚਨਬੱਧ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਲਿੇ ਦੇ ਨਵਨਿਯੁਕਤ ਐਸ.ਐਸ.ਪੀ. ਸ੍ਰੀ ਸਵੱਪਨ ਸਰਮਾ ਨੇ ਵੱਖ-ਵੱਖ ਸੰਸਥਾਨਕ ਪੁਲਿਸ ਲਾਇਨ ਵਿਖੇ ਅਧਿਕਾਰੀਆਂ ਨਾਲ ਪਲੇਠੀ ਮੀਟਿੰਗ ਕਰਦਿਆਂ ਕੀਤਾ।

ਸ੍ਰੀ ਸਵੱਪਨ ਸਰਮਾ ਨੇ ਸਮੂਹ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਥਾਣਾ ਪੱਧਰ 'ਤੇ ਲੰਬਿਤ ਮਾਮਲਿਆਂ ਨੂੰ ਸਮਾਂਬੱਧ ਤਰੀਕੇ ਨਾਲ ਨਜਿੱਠਿਆ ਜਾਵੇ, ਤਾਂ ਜੋ ਪੁਲਿਸ ਅਤੇ ਲੋਕਾਂ ਦਾ ਰਿਸਤਾ ਹੋਰ ਜਆਿਦਾ ਮਜਬੂਤ ਹੋ ਸਕੇ। ਉਨਾਂ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਮਹਿਲਾਵਾਂ ਪ੍ਰਤੀ ਹੋਣ ਵਾਲੀਆਂ ਵਧੀਕੀਆਂ ਦੇ ਨਿਪਟਾਰੇ ਲਈ ਸਥਾਪਤ ਪੁਲਿਸ ਥਾਣੇ ਅੰਦਰ ਸਟਾਫ ਦਾ ਵਾਧਾ ਕੀਤਾ ਜਾਵੇਗਾ। ਉਨਾਂ ਥਾਣਾ ਮੁਖੀਆ ਨੂੰ ਹਦਾਇਤ ਕੀਤੀ ਕਿ ਹਰੇਕ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਤਨਦੇਹੀ ਨਾਲ ਡਿਊਟੀ ਕਰਨ ਨੂੰ ਪਹਿਲ ਦਿੱਤੀ ਜਾਵੇ, ਡਿਊਟੀ ਪ੍ਰਤੀ ਕੁਤਾਹੀ ਕਿਸੇ ਕੀਮਤ 'ਤੇ ਬਰਦਾਸਤ ਨਹੀ ਕੀਤੀ ਜਾਵੇਗੀ।

ਐਸ.ਐਸ.ਪੀ ਸ੍ਰੀ ਸਰਮਾ ਨੇ ਜਲਿੇ ਅੰਦਰ ਟ੍ਰੈਫਿਕ ਸਮੱਸਿਆ ਦੇ ਹਲ ਲਈ ਟ੍ਰੈਫਿਕ ਪੁਲਿਸ ਦੇ ਅਧਿਕਾਰੀਆਂ ਨੂੰ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਦੇ ਚਾਲਾਨ ਕਰਨ ਦੇ ਆਦੇਸ ਜਾਰੀ ਕੀਤੇ। ਉਨਾਂ ਜਲਿਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਟ੍ਰੈਫਿਕ ਸਮੱਸਿਆ ਦੇ ਢੁੱਕਵੇਂ ਹਲ ਅਤੇ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਜਲਿਾ ਪੁਲਿਸ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇ। ਉਨਾਂ ਕਿਹਾ ਕਿ ਪੁਲਿਸ ਲੋਕਾਂ ਦੀ ਸੇਵਾ ਲਈ 24 ਘੰਟੇ ਹਾਜਰ ਹੈ, ਜਿਸਨੂੰ ਧਿਆਨ 'ਚ ਰੱਖਦਿਆਂ ਲੋਕਾਂ ਨੂੰ ਪੁਲਿਸ ਪ੍ਰਤੀ ਚੰਗਾ ਰਵੱਈਆ ਰੱਖਦੇ ਹੋਏ ਮਾੜੇ ਅਨਸਰਾਂ ਪ੍ਰਤੀ ਪਹਿਲ ਦੇ ਆਧਾਰ ਤੇ ਸੂਚਿਤ ਕਰਨਾ ਸਮੇਂ ਦੀ ਲੋੜ ਹੈ। ਇਸ ਤੋਂ ਪਹਿਲਾ ਸ੍ਰੀ ਸਵੱਪਨ ਸਰਮਾ ਨੇ ਸਮੂਹ ਜਲਿਾ ਵਾਸੀਆਂ ਨੂੰ ਜਨਮ ਅਸਟਮੀ ਦੇ ਪਵਿੱਤਰ ਦਿਹਾੜੇ ਦੇ ਮੁਬਾਰਕਬਾਦ ਦਿੱਤੀ। ਉਨਾਂ ਸਮੂਹ ਸਹਿਰ ਵਾਸੀਆਂ ਨੂੰ ਰਾਤ ਵੇਲੇ ਕੋਵਿਡ-19 ਦੇ ਮੱਦੇਨਜਰ ਮੰਦਰਾਂ ਵਿੱਚ ਵਧੇਰੇ ਇਕੱਠ ਕਰਨ ਤੋਂ ਗੁਰੇਜ ਕਰਨ ਦੀ ਅਪੀਲ ਕੀਤੀ। ਉਨਾਂ ਸਰਾਰਤੀ ਅਨਸਰਾਂ ਨੂੰ ਮੁੜ ਤੋਂ ਚੇਤਾਵਨੀ ਦਿੰਦਿਆਂ ਕਿਹਾ ਕਿ ਕਾਨੂੰਨ ਵਿਵਸਥਾ ਅੰਦਰ ਖਲਲ ਪਾਉਣ ਵਾਲਿਆਂ ਦੇ ਵਿਰੁੱਧ ਸਖਤ ਕਾਨੂੰਨੀ ਕਾਰਾਵਾਈ ਅਮਲ 'ਚ ਲਿਆਂਦੀ ਜਾਵੇਗੀ।

# ਤਲਵੰਡੀ ਸਾਬੋ ਤੋਂ ਕਾਂਗਰਸ ਦੇ ਹਲਕਾ ਸੇਵਾਦਾਰ ਖੁਸ਼ਬਾਜ ਜਟਾਣਾ ਨੇ ਸੁਣੀਆਂ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ, ਮਿਸ਼ਨ 2022 ਲਈ ਜੁਟਣ ਲਈ ਕਿਹਾ



**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਅੱਜ ਪਿੰਡ ਲੇਲੇਵਾਲਾ, ਜਗ੍ਹਾ ਰਾਮਤੀਰਥ, ਜੰਬਰ ਬਸਤੀ, ਸਿੰਗੋ ਵਿਖੇ ਤਲਵੰਡੀ ਸਾਬੋ ਤੋਂ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਅਤੇ ਬਠਿੰਡਾ ਜਲਿਾ ਦੇ ਦਿਹਾਤੀ ਪ੍ਰਧਾਨ ਸ. ਖੁਸਬਾਜ ਸਿੰਘ ਜਟਾਣਾ ਵੱਲੋਂ ਪਿੰਡਾਂ ਦੇ ਪਾਰਟੀ ਵਰਕਰਾਂ ਅਤੇ ਪਿੰਡ ਨਿਵਾਸੀਆਂ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਉਹਨਾਂ ਨੇ ਪਿੰਡ ਨਿਵਾਸੀਆਂ ਅਤੇ ਵਰਕਰਾਂ ਦੀਆਂ ਸਮੱਸਿਆਂਵਾਂ ਸੁਣੀਆਂ ਅਤੇ ਮੌਕੇ ਤੇ ਹੱਲ ਕਰਵਾਇਆ। ਇਸ ਮੌਕੇ ਉਹਨਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਨੇ ਪੰਜਾਬ ਅਤੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਹੈ ਅਤੇ ਭਵਿੱਖ ਵਿੱਚ ਵੀ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਯਤਨਸੀਲ ਹੈ। ਇਸ ਮੌਕੇ ਉਹਨਾਂ ਨੇ ਕਿਹਾ ਮੈ ਤਲਵੰਡੀ ਸਾਬੋ ਹਲਕੇ ਨੂੰ ਨਮੂਨੇ ਦਾ ਹਲਕਾ ਬਣਾਉਣਾ ਚਾਹੁੰਦਾ ਹਾਂ ਤਾਂ ਕਿ ਤਲਵੰਡੀ ਸਾਬੋ ਪੰਜਾਬ ਦਾ ਨੰਬਰ ਇੱਕ ਹਲਕਾ ਬਣੇ। ਇਸ ਮੌਕੇ ਉਹਨਾਂ ਪਾਰਟੀ ਵਰਕਰਾਂ ਨੂੰ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਸਰਗਰਮ ਹੋਣ ਲਈ ਕਿਹਾ ਅਤੇ ਮਿਸਨ 2022 ਲਈ ਜੁਟਣ ਲਈ ਕਿਹਾ ਤਾਂ ਜੋ ਹਲਕੇ ਤੋਂ ਵੱਡੀ ਜਿੱਤ ਪ੍ਰਾਪਤ ਕਰਕੇ ਹਲਕੇ ਦੇ ਵੱਡੀ ਪੱਧਰ ਤੇ ਵਿਕਾਸ ਲਈ ਹੋਰ ਤੇਜੀ ਲਿਆਂਦੀ ਜਾ ਸਕੇਗੀ। ਉਹਨਾਂ ਇੱਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਦੇ ਨਾਲ਼ ਖੜੇ ਹਨ 2022 ਵਿੱਚ ਮੁੜ ਕਾਂਗਰਸ ਦੀ ਸਰਕਾਰ ਆਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿੱਜੀ ਸਹਾਇਕ ਰਣਜੀਤ ਸਿੰਘ ਸੰਧੂ, ਦਿਲਪ੍ਰੀਤ ਸਿੰਘ ਜਗਾ, ਕ੍ਰਿਸ਼ਨ ਸਿੰਘ ਭਾਗੀਵਾਂਦਰ, ਜਗਤਾਰ ਸਿੰਘ ਮੇਨੂਆਣਾ, ਬੂਟਾ ਸਿੰਘ



ਸਿਵ ਮੰਦਿਰ ਜਵਾਹਰ ਨਗਰ ਲੁਧਿਆਣਾ ਵਿਖੇ ਜਨਮ ਅਸ਼ਟਮੀ ਤੇ ਪੈਸਟਇਆ ਦਾ ਲੰਗਰ ਲਗਾਇਆ ਗਿਆ ਚੌਧਰੀ ਮਨੀ ਖੀਵਾ ਵਿਧਾਨ ਸਭਾ ਹਲਕਾ ਪੱਛਮੀ ਚੇਅਰਮੈਨ ਇਸ ਮੌਕੇ ਤੇ ਅਨਮੋਲ ਵਿਜ, ਸੰਨੀ ਖੀਵਾ, ਕਰਮ ਖੀਵਾ, ਸੁਧਾਮ ਹੁਸੈਨ ,ਹਨੀ ਸਿੰਘ, ਸੋਨੂੰ, ਆਦਿ ਹਾਜਰ ਸਨ। (ਲੁਧਿਆਣਾ/ਸੁਖਚੈਨ ਮਹਿਰਾ )

# ਪੱਤਰਕਾਰ ਰਵਜੋਤ ਰਾਹੀ ਦੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਪੁੱਜੇ ਸਾਬਕਾ ਵਿਧਾਇਕ ਸਿੱਧੂ

**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਅੱਜ ਅਕਾਲੀ ਬਸਪਾ ਆਗੂਆਂ ਦੇ ਇੱਕ ਵਫਦ ਨਾਲ ਤਲਵੰਡੀ ਸਾਬੋ ਤੋਂ ਅਜੀਤ ਦੇ ਪੱਤਰਕਾਰ ਰਵਜੋਤ ਸਿੰਘ ਰਾਹੀ ਦੇ ਦਾਦੀ ਜੀ ਬੀਬੀ ਦਿਆਲ ਕੌਰ (ਮਾਤਾ ਸਵ. ਪੱਤਰਕਾਰ ਜਰਨੈਲ ਸਿੰਘ ਰਾਹੀ) ਦੇ ਅਕਾਲ ਚਲਾਣੇ ਤੇ ਦੁੱਖ ਪ੍ਰਗਟ ਕਰਨ ਲਈ ਉਨਾਂ ਦੇ ਘਰ ਪੁੱਜੇ। ਸਾਬਕਾ ਵਿਧਾਇਕ ਨੇ ਇਸ ਮੌਕੇ ਰਵਜੋਤ ਸਿੰਘ ਰਾਹੀ ਦੇ ਸਮੁੱਚੇ ਪਰਿਵਾਰ ਨਾਲ ਅਫਸੋਸ ਪ੍ਰਗਟ ਕਰਦਿਆਂ ਬੀਬੀ ਦਿਆਲ ਕੌਰ ਦੇ ਅਕਾਲ ਚਲਾਣੇ ਨੂੰ ਪਰਿਵਾਰ ਲਈ ਵੱਡਾ ਘਾਟਾ ਦੱਸਿਆ। ਉਨਾਂ ਇਸ ਮੌਕੇ ਸਵਰਗੀ ਪੱਤਰਕਾਰ ਜਰਨੈਲ ਸਿੰਘ ਰਾਹੀ ਵੱਲੋਂ ਸਾਰੀ ਉਮਰ ਪੱਤਰਕਾਰੀ ਖੇਤਰ ਵਿੱਚ ਪਾਏ ਯੋਗਦਾਨ ਨੂੰ ਵੀ ਮਾਤਾ ਦਿਆਲ ਕੌਰ ਜੀ ਦੀ ਸਿੱਖਿਆ ਦਾ ਨਤੀਜਾ ਹੀ ਦੱਸਿਆ। ਉਨਾਂ ਭਰੋਸਾ ਦਿੱਤਾ ਕਿ ਉਹ ਹਮੇਸ਼ਾਂ ਰਾਹੀ ਪਰਿਵਾਰ ਨਾਲ ਖੜੇ ਰਹਿਣਗੇ।



ਇਸ ਮੌਕੇ ਸਿੱਧੂ ਨਾਲ ਜਥੇ: ਗੁਰਤੇਜ ਸਿੰਘ ਜੋਧਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਮਾ. ਜਗਦੀਪ ਸਿੰਘ ਗੋਗੀ ਸੂਬਾਈ ਆਗੂ ਬਹੁਜਨ ਸਮਾਜ ਪਾਰਟੀ, ਸੁਖਬੀਰ ਸਿੰਘ ਚੱਠਾ ਸੀ. ਅਕਾਲੀ ਆਗੂ, ਅਵਤਾਰ ਮੈਨੂੰਆਣਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਅਮਰਜੀਤ ਸਿੰਘ ਚੀਮਾ, ਤੇਜ ਰਾਮ ਸ਼ਰਮਾਂ, ਭਿੰਦਾ ਜੱਜਲ, ਅਮਰਜੀਤ ਸਿੰਘ ਧਨੋਆ, ਦਰਸ਼ਨ ਗਿੱਲ, ਕ੍ਰਿਸ਼ਨ ਯਾਦਵ, ਮਨੀ ਗਿੱਲ ਆਦਿ ਆਗੂ ਹਾਜਿਰ ਸਨ।

# 5 ਸਤੰਬਰ ਦੀ ਮੁਜੱਫਰਨਗਰ ਵਿਖੇ ਹੋਣ ਵਾਲੀ ਮਹਾਂ ਰੈਲੀ ਦੀ ਤਿਆਰੀ ਮੁਹਿੰਮ ਸਬੰਧੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਮੀਟਿੰਗ ਹੋਈ

ਜਗਦੀਸ ਰਾਈਕਾ ਪਟਿਆਲਾ

ਸੰਯੋਕਤ ਮੋਰਚੇ ਵੱਲੋਂ ਮਿਸ਼ਨ 2ਯੂ. (ਯੂ.ਪੀ. ਅਤੇ ਉੱਤਰਾਖੰਡ) ਯੋਜਨਾ ਤਹਿਤ 5 ਸਤੰਬਰ ਨੂੰ ਯੂ.ਪੀ. ਮੁਜੱਫਰ ਨਗਰ ਵਿਖੇ ਮਹਾਂ ਰੈਲੀ ਕੀਤੀ ਜਾਵੇਗੀ। ਜਿਸ ਵਿੱਚ ਪੰਜਾਬ ਤੋਂ ਹਜਾਰਾਂ ਦੀ ਗਿਣਤੀ ਵਿੱਚ ਕਿਸਾਨ ਪੰਹੁਚਣਗੇ। ਇਸ ਸਬੰਧ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ ਹੋਈ। ਜਿਸ ਦੀ ਪ੍ਰਧਾਨਗੀ ਪ੍ਰਧਾਨ ਜੰਗ ਸਿੰਘ ਭਟੇੜੀ ਨੇ ਕੀਤੀ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁਟਰ, ਯੂਨੀਅਨ ਦੀ ਪਿੰਡ ਦੌਣਕਲਾਂ ਤੋਂ ਰਜਿੰਦਰ ਕੌਰ, ਹਰਦੇਵ ਕੌਰ, ਗੁਰਮੇਲ ਕੌਰ, ਪਾਤੜਾਂ ਬਲਾਕ ਤੋਂ ਚਰਨਜੀਤ ਕੌਰ ਧੂੜੀਆਂ ਹਾਜਰ ਹੋਏ। ਅੱਜ ਦੀ ਮੀਟਿੰਗ ਵਿੱਚ 5 ਤਾਰੀਕ ਨੂੰ ਕਿਸਾਨ ਔਰਤਾਂ ਵੱਡੀ ਗਿਣਤੀ ਵਿੱਚ ਮਹਾਂ ਰੈਲੀ ਵਿੱਚ ਸ਼ਾਮਲ ਹੋਣਗੀਆਂ। ਜਿਲ੍ਹਾ ਜਨਰਲ ਸਕੱਤਰ ਗੁਰਮੀਤ ਸਿੰਘ ਦਿੱਤੂਪੁਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪਟਿਆਲਾ ਜਿਲੇ ਤੋਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ 4000 ਤੋਂ ਵੱਧ ਕਿਸਾਨ ਇਸ ਮਹਾਂਰੈਲੀ ਵਿੱਚ ਸ਼ਾਮਲ ਹੋਣਗੇ। ਉਹਨਾਂ ਜਿਕਰ ਕੀਤਾ ਕਿ ਦੇਸ਼ ਭਰ ਦੇ ਕਿਸਾਨ ਲਗਭਗ ਪਿਛਲੇ ਇੱਕ ਸਾਲ ਤੋਂ ਆਪਣੇ ਖੇਤੀ ਸਬੰਧੀ ਬਣੇ ਕਾਲੇ ਕਾਨੂੰਨਾਂ ਨੂੰ ਖਤਮ ਕਰਵਾਉਣ ਲਈ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ। ਕਿਉਂਕਿ ਬੀ.ਜੇ.ਪੀ. ਸਰਕਾਰ ਵੱਲੋਂ ਅੰਬਾਨੀ, ਅਡਾਨੀ ਕਾਰਪੋਰੇਟ ਕੰਪਨੀਆਂ ਦੇ ਹਿੱਤਾਂ *ਚ ਕਿਸਾਨ ਦੇ ਖੇਤੀ ਕਿਤੇ ਅਤੇ ਖੇਤਾਂ ਵਿਚੋਂ ਬਾਹਰ ਕੱਢਿਆ ਜਾ ਰਿਹਾ ਹੈ। ਜਿਸ ਵਿਰੁੱਧ ਕਿਸਾਨਾ ਦਾ ਰੋਹ ਵੱਧ ਰਿਹਾ ਹੈ। ਭਾਵੇਂ ਪਿਛਲੇ ਦਿਨੀ ਹਰਿਆਣੇ ਦੇ ਕਿਸਾਨਾਂ ਤੇ ਬੀ.ਜੇ.ਪੀ. ਦੀ ਖੱਟੜ ਸਰਕਾਰ ਨੇ ਤਸੱਦਦ ਵੀ ਕੀਤਾ ਪਰ ਕਿਸਾਨ ਆਪਣੇ ਸੰਘਰਸ਼ ਦੇ ਤੇ ਡਟੇ ਰਹੇ ਅਤੇ ਪੰਜ ਵਾਰ ਪੁਲਿਸ ਵੱਲੋਂ ਲਾਠੀਚਾਰਜ ਦੇ ਬਾਵਜੂਦ ਵੀ ਡਟੇ ਰਹੇ। ਪਰ ਦੁੱਖ ਦੀ ਗੱਲ ਇਹ ਹੈ ਕਿ ਪੁਲਿਸ ਦੀ ਇਸ ਕੁੱਟ ਨਾਲ ਇੱਕ ਕਿਸਾਨ ਦੀ ਮੌਤ ਵੀ ਹੋ ਗਈ ਹੈ ਪਰ ਕਿਸਾਨਾਂ ਦਾ ਆਪਣੇ ਇਸ ਸੰਘਰਸ਼ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਬਰ ਤਿਆਰ ਹਨ, ਅਤੇ ਕਿਸਾਨਾ ਦਾ ਭਰਪੂਰ ਸਮਰਥਨ ਪ੍ਰਾਪਤ ਹੋ ਰਿਹਾ ਹੈ। ਬਿਨਾ ਸ਼ੱਕ ਕਿਸਾਨ ਲਹਿਲ ਆਪਣੇ ਸੰਘਰਸ਼ ਨੂੰ ਬੁਲੰਦੀਆਂ ਵੱਲ ਲਿਜਾਣ ਲਈ ਤਿਆਰੀਆਂ ਵਿੱਚ ਜੁਟਿਆ ਹੋਇਆ ਹੈ। ਯੂ.ਪੀ. ਦੀਆਂ ਇਸ ਚੋਣਾਂ ਵਿੱਚ ਬੀ.ਜੇ.ਪੀ. ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਹੋਇਆ ਹੈ ਚੋਣਾਂ ਵਿੱਚ ਬੀ.ਜੇ.ਪੀ. ਨੂੰ ਹਰਾਉਣ ਦਾ ਨਾਅਰਾ ਸੰਯੁਕਤ ਮੋਰਚੇ ਵਲੋਂ ਦਿੱਤਾ ਜਾ ਚੁੱਕਾ ਹੈ ਅਤੇ ਪੰਜਾਬ ਹਰਿਆਣਾ ਦੀ ਤਰਜ ਤੇ ਉੱਥੇ ਟੋਲ ਪਲਾਜੇ ਖੋਲ ਦਿੱਤੇ ਜਾਣਗੇ ਅਤੇ ਅੰਬਾਨੀ, ਅੰਡਾਨੀਆਂ ਦੇ ਪੰਪ ਅਤੇ ਟੋਲ ਪਲਾਜੇ, ਮੋਲ ਵਗੈਰਾ ਕਿਸਾਨਾਂ ਵੱਲੋਂ ਬੰਦ ਕਰ ਦਿੱਤੇ ਜਾਣਗੇ। ਇਸ ਮੌਕੇ ਪਾਤੜਾਂ, ਸਨੌਰ, ਡਕਾਲਾ, ਭੁਨਰਹੇੜੀ ਬਲਾਕ ਪ੍ਰਧਾਨ ਹਰਭਜਨ ਸਿੰਘ ਧੂੜ, ਸੁਖਵਿੰਦਰ ਸਿੰਘ ਤੁਲੇਵਾਲ, ਦਵਿੰਦਰ ਸਿੰਘ ਮੁਝਾਲ, ਤਜਿੰਦਰ ਸਿੰਘ ਰਾਜਪੁਰਾ, ਦਾਰਾ ਸਿੰਘ ਪਹਾੜਪੁਰ, ਅਵਤਾਰ ਸਿੰਘ ਕੌਰਜੀਵਾਲਾ, ਆਦਿ ਹਾਜਰ ਸਨ। ਅਵਤਾਰ ਸਿੰਘ ਕੌਰਜੀਵਾਲਾ ਨੇ ਦੱਸਿਆ ਕਿ 5 ਤਾਰੀਕ ਦੀ ਮਹਾਂਰੈਲੀ ਦੀ ਤਿਆਰੀ ਸਬੰਧੀ ਹਰ ਬਲਾਕ ਵਿੱਚ ਪਿੰਡ ਪਿੰਡ ਮੀਟਿੰਗਾਂ, ਝੰਡਾ ਮਾਰਚ ਕਰਕੇ ਵੱਧ ਤੋਂ ਵੱਧ ਕਿਸਾਨਾਂ ਨੂੰ ਮੁਜੱਫਰਨਗਰ ਪਹੁੰਚਣ ਦਾ ਸੱਦਾ ਦਿੱਤਾ ਜਾਵੇਗਾ।



## ਡਾ ਵਿਨੋਦ ਸਰਮਾ ਨੇ ਕਵਿਤਾਵਾਂ ਦਾ ਸੰਗ੍ਰਹਿ ਹਰਿਆਣਾ ਦੇ ਮੁੱਖ ਮੰਤਰੀ ਨੂੰ ਭੇਟ ਕੀਤਾ

**ਚੰਡੀਗੜ੍ਹ/ਵਿਨੋਦ ਕੁਮਾਰ**

ਸਾਹਿਤਕਾਰ ਡਾ ਵਿਨੋਦ ਕੁਮਾਰ ਸਰਮਾ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੂੰ ਕਵਿਤਾਵਾਂ ਦਾ ਸੰਗ੍ਰਹਿ "ਬਡਤੇ ਕਦਮ" ਭੇਂਟ ਕੀਤਾ। ਮਾਨਯੋਗ ਮੁੱਖ ਮੰਤਰੀ, ਹਰਿਆਣਾ, ਮਨੋਹਰ ਲਾਲ ਰਾਜ ਵਿੱਚ ਮੌਜੂਦਾ ਸਰਕਾਰ ਦੇ 2500 ਦਿਨਾਂ ਦੇ ਕਾਰਜਕਾਲ ਦੇ ਪੂਰੇ ਹੋਣ ਦੇ ਮੌਕੇ ਤੇ ਚੰਡੀਗੜ੍ਹ ਪ੍ਰੈਸ ਕਲੱਬ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਪਹੁੰਚੇ ਸਨ। ਉਨ੍ਹਾਂ ਡਾ ਵਿਨੋਦ ਸਰਮਾ ਨੂੰ ਇਸ ਕਾਵਿ ਸੰਗ੍ਰਹਿ ਲਈ ਵਧਾਈ ਦਿੱਤੀ। ਇਸ ਮੌਕੇ ਚੰਡੀਗੜ੍ਹ ਪ੍ਰੈਸ ਕਲੱਬ ਦੇ ਪ੍ਰਧਾਨ ਨਲਿਨ ਆਚਾਰੀਆ ਵੀ ਮੌਜੂਦ ਸਨ।



## ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 6568 ਸੈਂਪਲ ਲਏ -ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.55% ਹੋਈ

**ਲੁਧਿਆਣਾ/ਕਰਨ ਅਗਰਵਾਲ,ਸੁਖਚੈਨ ਮਹਿਰਾ**

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 8681 ਸੈਂਪਲ ਲਏ ਗਏ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87463 ਮਰੀਜ਼ਾਂ ਵਿਚੋਂ 97.58% (85345 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਹੋਣ ਜਾਂ ਸ਼ੱਕ ਬਾਰੇ ਪਤਾ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਨ੍ਹਾਂ ਸੈਂਪਲਾਂ ਦੀ ਗਿਣਤੀ ਰੋਜ਼ਾਨਾ ਸੈਕੜਿਆਂ ਵਿੱਚ ਹੈ। ਇਸੇ ਤਰ੍ਹਾਂ ਅੱਜ ਵੀ 6568 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 21 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85345 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 2 ਮਰੀਜ਼ (ਜੋਕਿ ਜ਼ਿਲ੍ਹਾ ਲੁਧਿਆਣਾ ਸਬੰਧਤ ਹਨ) ਪੋਜ਼ਟਿਵ ਪਾਏ ਗਏ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2272530 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2173410 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87463 ਹੈ, ਜਦਕਿ 11657 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2097 ਅਤੇ 1049 ਦੂਜੇ ਜ਼ਿਲਿਆਂ ਨਾਲ ਸਬੰਧਤ ਹਨ।


ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

# ਖੰਨਾ ਪੁਲਿਸ ਵੱਲੋਂ 22 ਕਿਲੋ ਗਾਂਜਾ ਸਮੇਤ 2 ਦੋਸ਼ੀ ਗ੍ਰਿਫਤਾਰ



**ਖੰਨਾ/ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅਗਰਵਾਲ** : ਸ਼੍ਰੀ ਗੁਰਸ਼ਰਨਦੀਪ ਸਿੰਘ ਗਰੇਵਾਲ ਪੀ.ਪੀ.ਐੱਸ. ਸੀਨੀਅਰ ਪੁਲਿਸ ਕਪਤਾਨ ਖੰਨਾ, ਨੇ ਪ੍ਰੈੱਸ ਕਾਨਫਰੰਸ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖੰਨਾ ਪੁਲਿਸ ਵੱਲੋ ਨਸ਼ਿਆ ਦੀ ਤਸਕਰੀ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਵਿੱਢੀ ਗਈ ਸਪੈਸ਼ਲ ਮੁਹਿੰਮ ਵਿੱਚ ਖੰਨਾ ਪੁਲਿਸ ਨੂੰ ਵੱਡੀ ਸਫਲਤਾ ਪ੍ਰਾਪਤ ਹੋਈ ਹੈ ।ਜਿਸ ਦੇ ਤਹਿਤ ਜੇਰ ਸਰਕਰਦਗੀ ਸ਼੍ਰੀ ਮਨਪ੍ਰੀਤ ਸਿੰਘ, ਪੀ.ਪੀ.ਐਸ. ਪੁਲਿਸ ਕਪਤਾਨ (ਆਈ) ਖੰਨਾ, ਸ਼੍ਰੀ ਹਰਦੀਪ ਸਿੰਘ ਪੀ.ਪੀ.ਐੱਸ. ਉਪ ਪੁਲਿਸ ਕਪਤਾਨ ਪਾਇਲ, ਥਾਣੇਦਾਰ ਨਛੱਤਰ ਸਿੰਘ ਮੁੱਖ ਅਫਸਰ ਥਾਣਾ ਦੋਰਾਹਾ ਦੇ ਥਾਣੇਦਾਰ ਪਵਿੱਤਰ ਸਿੰਘ ਸਮੇਤ ਪੁਲਿਸ ਪਾਰਟੀ ਬਰਾਏ ਗਸ਼ਤ ਅੜੈਚਾ ਚੌਕ ਦੋਰਾਹਾ ਪੁਲ ਪਾਸ ਮੌਜੂਦ ਸੀ ਤਾਂ ਇੱਕ ਨੌਜਵਾਨ ਲੜਕਾ ਅਤੇ ਲੜਕੀ ਪਾਸ ਵਜਨਦਾਰ ਥੈਲਾ ਪਲਾਸਟਿਕ ਸੀ, ਜੋ ਪੁਲਿਸ ਪਾਰਟੀ ਨੂੰ ਦੇਖਕੇ ਘਬਰਾ ਗਏ। ਪੁਲਿਸ ਪਾਰਟੀ ਵੱਲੋ ਪੁੱਛ-ਗਿੱਛ ਦੌਰਾਨ ਲੜਕੀ ਨੇ ਆਪਣਾ ਨਾਮ ਕਾਜਲ ਕੁਮਾਰੀ ਪੁੱਤਰੀ ਮੋਤੀ ਪ੍ਰੀਸ਼ਦ ਗੁਪਤਾ ਵਾਸੀ ਬਲਾਕ ਨੰਬਰ 4-ਏ ਵਿਜੈ ਨਗਰ ਥਾਣਾ ਪੱਤਰਕਾਰ ਨਗਰ ਜਿਲਾ ਪਟਨਾ (ਬਿਹਾਰ) ਅਤੇ ਲੜਕੇ ਨੇ ਆਪਣਾ ਨਾਮ ਰਵੀ ਕੁਮਾਰ ਪੁੱਤਰ ਲਾਲ ਬਹਾਦਰ ਰਾਏ ਵਾਸੀ ਫਜਾਮਪੁਰ, ਸਬਲਪੁਰ ਥਾਣਾ ਦੀਦਾਰਗੰਜ਼ ਜਿਲਾ ਪਟਨਾ (ਬਿਹਾਰ) ਦੱਸਿਆ। ਜਿਹਨਾ ਦੇ ਥੈਲਾ ਪਲਾਸਟਿਕ ਦੀ ਤਲਾਸ਼ੀ ਲੈਣ 'ਤੇ ਉਸ ਵਿੱਚੋਂ 22 ਕਿਲੋ ਗਾਂਜਾ ਬ੍ਰਾਮਦ ਹੋਇਆ। ਜਿਸਤੇ ਮੁੱਕਦਮਾ ਨੰਬਰ 134, ਮਿਤੀ 29-08-2021 ਅ/ਧ 20/61/85 ਐੱਨ.ਡੀ.ਪੀ.ਐਸ. ਐਕਟ ਥਾਣਾ ਦੋਰਾਹਾ, ਦਰਜ਼ ਰਜਿਸਟਰ ਕਰਕੇ ਦੋਸ਼ੀਆਨ ਨੂੰ ਗ੍ਰਿਫਤਾਰ ਕੀਤਾ ਗਿਆ। ਦੋਸ਼ੀਆਨ ਪਾਸੋਂ ਪੁੱਛਗਿੱਛ ਜਾਰੀ ਹੈ, ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪਾਕਿਸਤਾਨ 'ਚ ਫ਼ਖ਼ਰ-ਏ- ਲੁਧਿਆਣਾ ਹਮਜਾ ਦਾ ਦੇਹਾਂਤ, ਗੋਜਰਾ ਸ਼ਹਿਰ 'ਚ ਸਪੁਰਦ-ਏ-ਖਾਕ ਕੀਤੇ ਗਏ - ਆਪ ਨੂੰ ਇਤਿਹਾਸ 'ਚ ਹਮੇਸ਼ਾ ਸਨਮਾਨ ਦੇ ਨਾਲ ਯਾਦ ਕੀਤਾ ਜਾਵੇਗਾ : ਨਾਇਬ ਸ਼ਾਹੀ ਇਮਾਮ






**ਲੁਧਿਆਣਾ/ਕਰਨ ਅਗਰਵਾਲ**

20 ਮਾਰਚ 1929 ਨੂੰ ਲੁਧਿਆਣਾ 'ਚ ਮੌਲਾਨਾ ਅਬਦੁੱਲਾਹ ਦੇ ਘਰ ਜੰਮੇ ਹਮਜਾ ਦਾ ਗੁਜ਼ਰੀ ਸ਼ਾਮ ਪਾਕਿਸਤਾਨ ਪੰਜਾਬ ਦੇ ਗੋਜਰਾ ਸ਼ਹਿਰ 'ਚ 92 ਸਾਲ ਦੀ ਉਮਰ 'ਚ ਨਿਧਨ ਹੋ ਗਿਆ ਹੈ, ਹਮਜਾ 2015 'ਚ ਆਖਰੀ ਵਾਰ ਲੁਧਿਆਣਾ ਆਏ ਸਨ ਅਤੇ ਉਨਾਂ ਨੂੰ ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਵੱਲੋਂ ਇਤਿਹਾਸਿਕ ਜਾਮਾ ਮਸਜਿਦ 'ਚ ਫਖ਼ਰ-ਏ-ਲੁਧਿਆਣਾ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਵਰਣਨਯੋਗ ਹੈ ਕਿ ਹਮਜਾ ਨੇ ਆਪਣੀ ਸਿੱਖਿਆ ਵੇਟ ਗੰਜ ਲੁਧਿਆਣਾ 'ਚ ਇਸਲਾਮਿਆ ਸਕੂਲ ਤੋਂ ਸ਼ੁਰੂ ਕੀਤੀ ਅਤੇ ਫਿਰ ਲੁਧਿਆਣਾ ਸਰਕਾਰੀ ਕਾਲਜ ਫਾਰ ਬਾਇਜ 'ਚ 1947 ਤੱਕ ਪੜਦੇ ਰਹੇ ਅਤੇ ਫਿਰ ਦੇਸ਼ ਦੀ ਵੰਡ ਦੀ ਵਜਾ ਨਾਲ ਤੁਸੀਂ ਆਪਣੀ ਪੜਾਈ ਦਾ ਆਖਰੀ ਸਾਲ ਲਾਹੌਰ ਯੂਨੀਵਰਸਿਟੀ 'ਚ ਪੂਰਾ ਕੀਤਾ। ਹਮਜਾ ਦਾ ਸੰਬੰਧ ਦੇਸ਼ ਦੇ ਪ੍ਰਸਿੱਧ ਅਜਾਦੀ ਘੁਲਾਟੀ ਮੌਲਾਨਾ ਹਬੀਬ ਉਰ ਰਹਿਮਾਨ ਲੁਧਿਆਣਵੀ ਪਹਿਲਾਂ ਦੇ ਪਰਿਵਾਰ ਨਾਲ ਹੈ ਹਮਜਾ ਮੌਲਾਨਾ ਦੇ ਭਤੀਜੇ ਸਨ, ਤੁਸੀ ਪਾਕਿਸਤਾਨ ਪੰਜਾਬ ਦੇ ਗੋਜਰਾ ਸ਼ਹਿਰ ਤੋਂ ਸਮਾਜ ਸੇਵਾ ਸ਼ੁਰੂ ਕੀਤੀ ਅਤੇ ਫਿਰ ਤੁਸੀਂ 1957 ਤੋਂ ਲੈ ਕੇ 2016 ਤੱਕ ਇੱਕ ਵਾਰ ਪੰਜਾਬ ਅਸੰਬਲੀ ਦੇ ਮੈਂਬਰ (ਐਮ. ਐਲ. ਏ) ਪੰਜ ਤੇ ਪਾਕਿਸਤਾਨੀ ਪਾਰਲਿਮੇਂਟ ਦੇ ਮੈਂਬਰ, ( ਐਮ.ਪੀ ) ਰਹੇ। ਪਾਕਿਸਤਾਨ ਅਕਾਉਂਟ ਕਮੇਟੀ ਦੇ ਵੀ ਕਈ ਸਾਲ ਚੇਅਰਮੈਨ ਰਹੇ। ਸਾਦੇ ਸੁਭਾਅ ਦੇ ਹਮਜਾ ਹਮੇਸ਼ਾ ਬੇਦਾਗ ਛਵੀ ਦੇ ਮਾਲਿਕ ਰਹੇ, ਆਪ ਇਸਲਾਮਾਬਾਦ 'ਚ ਸੈਸ਼ਨ ਦੇ ਦਿਨਾਂ 'ਚ ਆਪਣੇ ਘਰ ਤੋਂ ਪਾਰਲੀਮੇਂਟ ਹਾਉਸ ਤੱਕ ਹਮੇਸ਼ਾ ਸਾਈਕਲ 'ਤੇ ਜਾਇਆ ਕਰਦੇ ਸਨ, ਲੁਧਿਆਣਾ ਸ਼ਹਿਰ ਤੋਂ ਤੁਹਾਨੂੰ ਬਹੁਤ ਮੁਹੱਬਤ ਮਿਲੀ, ਅਕਸਰ ਕਿਹਾ ਕਰਦੇ ਸਨ ਕਿ ਮੈਨੂੰ ਆਪਣੀ ਮਾਤਰ ਭੂਮੀ ਛੁੱਟ ਜਾਣ ਦਾ ਬਹੁਤ ਗਮ ਹੈ ਜਿਸਨੂੰ ਕਦੇ ਭੁਲਾ ਨਹੀਂ ਪਾਇਆ, ਹਮਜਾ ਦੇ ਨਿਧਨ 'ਤੇ ਅੱਜ ਲੁਧਿਆਣਾ ਜਾਮਾ ਮਸਜਿਦ 'ਚ ਸੋਗ ਸਭਾ ਦਾ ਪ੍ਰਬੰਧ ਕਰ ਉਨਾਂ ਲਈ ਦੁਆ ਕਰਵਾਈ ਗਈ। ਇਸ ਮੌਕੇ 'ਤੇ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਦੱਸਿਆ ਕਿ ਆਪ ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਦੇ ਮਾਮਾ ਜੀ ਸਨ, 2015 'ਚ ਆਪਣੇ ਛੋਟੇ ਬੇਟੇ ਇਕਰਮਾ ਹਮਜਾ ਦੇ ਨਾਲ ਲੁਧਿਆਣਾ ਆਏ ਸਨ ਅਤੇ ਇੱਕ ਹਫ਼ਤੇ ਇੱਥੇ ਘਰ 'ਚ ਰਹਿ ਕੇ ਸ਼ਹਿਰ 'ਚ ਆਪਣੀ ਯਾਦਾਂ ਨੂੰ ਫਿਰ ਤੋਂ ਯਾਦ ਕੀਤਾ ਅਤੇ ਇਸਲਾਮਿਆ ਸਕੂਲ ਅਤੇ ਸਰਕਾਰੀ ਕਾਲਜ ਫਾਰ ਬਾਇਜ ਵੀ ਗਏ ਸਨ, ਜਿੱਥੇ ਕਾਲਜ ਵੱਲੋਂ ਆਪ ਜੀ ਦਾ ਸਨਮਾਨ ਵੀ ਕੀਤਾ ਗਿਆ ਸੀ, ਉਸਮਾਨ ਲੁਧਿਆਣਵੀ ਨੇ ਦੱਸਿਆ ਕਿ ਆਪ ਜੀ ਦੀ ਨਮਾਜ਼-ਏ-ਜਨਾਜਾ ਅੱਜ ਗੋਜਰਾ ਸ਼ਹਿਰ ਦੇ ਸਰਕਾਰੀ ਡਿਗਰੀ ਕਾਲਜ ਫਾਰ ਬਾਇਜ 'ਚ ਹੋਈ।



# ਅਰੂਣਾ ਚੌਧਰੀ ਵੱਲੋਂ 8 ਲੱਖ ਦੀ ਲਾਗਤ ਨਾਲ ਤਿਆਰ ਕੀਤੀ ਨਵੀ ਸੜਕ ਦਾ ਕੀਤਾ ਉਦਘਾਟਨ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਮੰਤਰੀ ਅਰੁਨਾ ਚੌਧਰੀ ਵੱਲੋਂ ਪਿੰਡ ਓਗਰਾ ਦੇ 700 ਮੀਟਰ ਕੱਚੇ ਰਸਤੇ (ਫਿਰਨੀ) ਨੂੰ ਪੱਕਾ ਕਰਵਾ ਕੇ ਪਿੰਡ ਵਾਸੀਆਂ ਦੀ ਅਹਿਮ ਮੰਗ ਨੂੰ ਪੂਰਾ ਕੀਤਾ ਗਿਆ ਹੈ। ਇਸਦਾ ਰਸਮੀ ਉਦਘਾਟਨ ਕਰਦਿਆਂ ਅੱਜ ਉਨ੍ਹਾਂ ਕਿਹਾ ਕਿ ਇਸ ਰਸਤੇ 'ਤੇ ਕਰੀਬ 8 ਲੱਖ ਰੁਪਏ ਦੀ ਲਾਗਤ ਆਈ ਹੈ ਅਤੇ ਅੱਜ ਇਸਨੂੰ ਮੁਕੰਮਲ ਕਰਵਾ ਕੇ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ ਹੈ। ਉਨ੍ਹਾਂ ਪਿੰਡ 'ਚ ਆਯੋਜਿਤ ਸਮਾਗਮ ਦੌਰਾਨ ਕਿਹਾ ਕਿ ਓਗਰਾ ਪਿੰਡ ਨੂੰ ਉਨ੍ਹਾਂ ਵੱਲੋਂ ਹੁਣ ਤੱਕ ਵੱਖ-ਵੱਖ ਵਿਕਾਸ ਕੰਮਾਂ ਲਈ 17 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ ਹੈ ਅਤੇ ਉਹ ਅਗਾਂਹ ਵੀ ਪਿੰਡ ਦੀ ਤਰੱਕੀ ਲਈ ਬਣਦਾ ਯੋਗਦਾਨ ਦਿੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਪਿੰਡ ਵਿੱਚੋਂ ਹਨੇਰਾ ਦੂਰ ਕਰਨ ਲਈ 8 ਸੋਲਰ ਲਾਈਟਾਂ ਵੱਖਰੇ ਤੌਰ 'ਤੇ ਲੱਗਵਾ ਕੇ ਦਿੱਤੀਆਂ ਗਈਆਂ ਹਨ ਅਤੇ ਸਮੇਂ-ਸਮੇਂ 'ਤੇ ਪੰਚਾਇਤ ਦੀਆਂ ਮੰਗਾਂ ਅਤੇ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਗਿਆ ਹੈ। ਅਰੁਨਾ ਚੌਧਰੀ ਨੇ ਕਿਹਾ ਕਿ ਉਹ ਸ਼ਹਿਰਾਂ ਦੀ ਤਰਜ਼ 'ਤੇ ਪਿੰਡਾਂ ਦਾ ਵਿਕਾਸ ਕਰਨ ਦੀ ਮਨਸ਼ਾ ਰੱਖਦੇ ਹਨ ਅਤੇ ਇਸੇ ਕਰਕੇ ਹਲਕੇ ਦੇ ਤਮਾਮ ਪਿੰਡਾਂ ਨੂੰ ਪਹਿਲੀ ਵਾਰ ਐਨੇ ਵੱਡੇ ਪੱਧਰ 'ਤੇ ਲੱਖਾਂ ਰੁਪਏ ਦੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ ਹਨ, ਤਾਂ ਜੋ ਪਿੰਡਾਂ ਅੰਦਰ ਅਧੂਰੇ ਪਏ ਵਿਕਾਸ ਕੰਮ ਮੁਕੰਮਲ ਹੋ ਸਕਣ। ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਬਣਾਏ ਗਏ ਥਾਪਰ ਮਾਡਲ ਛੱਪੜਾਂ ਨੇ ਗੰਦੇ ਪਾਣੀ ਦੀ ਨਿਕਾਸੀ ਸਬੰਧੀ ਮੁਸ਼ਕਿਲ ਨੂੰ ਦੂਰ ਕੀਤਾ ਹੈ ਅਤੇ ਪਿੰਡਾਂ ਅੰਦਰ ਇਸ ਸਕੀਮ ਦੀ ਖੂਬ ਪ੍ਰਸ਼ੰਸਾ ਵੀ ਹੋ ਰਹੀ ਹੈ।

ਇਸ ਦੌਰਾਨ ਜ਼ੋਨ ਇੰਚਾਰਜ ਚੰਦਰ ਸ਼ੇਖਰ ਵੱਲੋਂ ਵੀ ਵਿਸੇਸ ਤੌਰ ਤੇ ਪਹੁੰਚੇ ਕੇ ਅਰੂਣਾ ਚੌਧਰੀ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਸਰਪੰਚ ਹਰਪਾਲ ਸਿੰਘ ਜੋਗਰ ਅਤੇ ਓਗਰਾ ਦੇ ਸਰਪੰਚ ਮਨੋਹਰ ਲਾਲ ਨੇ ਫਿਰਨੀ ਪੱਕੀ ਕਰਨ ਤੇ ਹੋਰਨਾਂ ਵਿਕਾਸ ਕੰਮਾਂ ਨੂੰ ਕਰਵਾਉਣ ਲਈ ਕੈਬਨਿਟ ਮੰਤਰੀ ਅਰੁਨਾ ਚੌਧਰੀ ਅਤੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਦਾ ਧੰਨਵਾਦ ਕੀਤਾ। ਇਸ ਮੌਕੇ ਬੀਡੀਪੀਓ ਸੁਖਜੀਤ ਸਿੰਘ ਬਾਜਵਾ, ਪੰਚ ਸਾਹਿਬ ਸਿੰਘ, ਪੰਚ ਅਮਰਜੀਤ, ਪੰਚ ਰਮਨ ਕੁਮਾਰ, ਪੰਚ ਮਨਜੀਤ ਕੌਰ ਅਤੇ ਪੰਚ ਕਸ਼ਮੀਰ ਕੌਰ ਹਾਜ਼ਰ ਸਨ।





**ਜਲੰਧਰ** ਦੇ ਹਰਦਿਆਲ ਨਗਰ ਵਿੱਚ ਜਨਮ ਅਸ਼ਟਮੀ ਮਨਾਈ ਗਈ ,ਜਲੰਧਰ, ਪਵਨ ਪਰਾਸ਼ਰ ਜਲੰਧਰ ਦੇ ਮੁਹਲਾ ਨਿਊ ਹਰਦਿਆਲ ਨਗਰ ਵਿਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਨਮ ਅਸ਼ਟਮੀ ਮਾ ਚਿੰਤਪੂਰਨੀ ਮੰਦਰ ਕਮੇਟੀ ਵਲੋਂ ਮਨਾਉ ਗਈ ਤੇ ਕੀਰਤਨ ਮੰਡਲੀ ਵਲੋਸ਼੍ਰੀ ਕ੍ਰਿਸ਼ਨ ਜੀ ਦੇ ਭਜਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ,ਇਸ ਮੋਕੇ ਸ਼ਕਤੀ ਪਰਾਸ਼ਰ, ਰੋਸ਼ਨ ਲਾਲ, ਜਗਦੇਵ ਕੁਮਾਰ, ਪਾਂਡੇ, ਵਿਕੀ,ਸਤਿੰਦਰ ਕੁਮਾਰ, ਸੁਨੀਲ ਚੋਰਸੀਆ,ਦੀਪਕ ਆਦੀ ਹਾਜਰ ਸਨ।

# ਜ਼ਿਲ੍ਹੇ ਅੰਦਰ 9 ਤੋਂ 17 ਸਤੰਬਰ ਤੱਕ ਪੰਜ ਦਿਨ ਲੱਗਣਗੇ ਮੈਗਾ ਰੋਜ਼ਗਾਰ ਮੇਲੇ : ਪ੍ਰਸ਼ੋਤਮ ਸਿੰਘ

**ਗੁਰਦਾਸਪੁਰ-ਨਵਨੀਤ ਕੁਮਾਰ ਪਰਸ਼ੋਤਮ ਸਿੰਘ**




ਜਿਲਾ ਰੋਜ਼ਗਾਰ ਅਫਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ 'ਘਰ-ਘਰ ਰੋਜ਼ਗਾਰ ਮਿਸ਼ਨ' ਤਹਿਤ 9 ਸਤੰਬਰ ਤੋਂ 17 ਸਤੰਬਰ 2021 ਤਕ ਰੋਜਗਾਰ ਮੇਲੇ ਲਗਾਏ ਜਾ ਰਹੇ ਹਨ। ਉਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਦੀ ਅਗਵਾਈ ਹੇਠ ਜਿਲੇ ਅੰਦਰ 5 ਸਥਾਨਾਂ ਤੇ 'ਮੈਗਾ ਜਾਬ ਫੇਅਰ' ਲਗਾਏ ਜਾਣਗੇ। ਉਨਾਂ ਅੱਗੇ ਦੱਸਿਆ ਕਿ ਪਹਿਲਾ ਅਤੇ ਦੂਜਾ ਰੋਜ਼ਗਾਰ ਮੇਲਾ 9 ਅਤੇ 10 ਸਤੰਬਰ ਨੂੰ ਗੋਲਡਨ ਕਾਲਜ ਆਫ ਇੰਜੀ.ਐਂਡ ਟੈਕਨਾਲੋਜੀ ਗੁਰਦਾਸਪੁਰ ਵਿਖੇ, ਤੀਜਾ ਰੋਜ਼ਗਾਰ ਮੇਲਾ 14 ਸਤੰਬਰ ਨੂੰ ਐਸ.ਐਸ.ਐਮ ਕਾਲਜ ਦੀਨਾਨਗਰ, ਚੌਥਾ ਅਤੇ ਪੰਜਾਵਾਂ ਰੋਜ਼ਗਾਰ ਮੇਲਾ 16 ਅਤੇ 17 ਸਤੰਬਰ ਨੂੰ ਸਰਕਾਰੀ ਕਾਲਜ ਬਟਾਲਾ ਵਿਖੇ ਲੱਗੇਗਾ। ਉਨਾਂ ਅੱਗੇ ਦੱਸਿਆ ਕਿ ਇਨਾਂ ਰੋਜ਼ਗਾਰ ਮੇਲਿਆਂ ਵਿਚ ਬੇਰੁਜ਼ਗਾਰ ਨੌਜਵਾਨ ਵੱਧ ਤੋਂ ਵੱਧ ਤੋਂ ਰੋਜ਼ਾਗਰ ਪ੍ਰਾਪਤ ਕਰ ਸਕਣ, ਇਸ ਮਕਸਦ ਲਈ ਡਿਪਟੀ ਕਮਿਸ਼ਨਰ ਵਲੋਂ ਪਿੰਡਾਂ ਦੇ ਸਰਪੰਚਾਂ ਨਾਲ ਜੂਮ ਮੀਟਿੰਗ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਨੌਜਵਾਨ ਵੱਧ ਤੋਂ ਵੱਧ ਇਨਾਂ ਰੋਜਗਾਰ ਮੇਲਿਆਂ ਦਾ ਲਾਭ ਹਾਸਲ ਕਰ ਸਕਣ। ਡਿਪਟੀ ਕਮਿਸ਼ਨਰ ਵਲੋਂ ਬੀਡੀਪੀ.ਓਜ਼ ਅਤੇ ਨਗਰ ਕੌਂਸ਼ਲ ਦੇ ਅਧਿਕਾਰੀਆਂ ਸਮੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ-ਆਪਣੇ ਖੇਤਰ ਵਿਚ ਇਨਾਂ ਰੋਜਗਾਰ ਮੇਲਿਆਂ ਬਾਬਤ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ। ਵਧੇਰੇ ਜਾਣਕਾਰੀ ਲੈਣ ਲਈ ਪ੍ਰਾਰਥੀ ਜਿਲਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਬਲਾਕ ਬੀ, ਕਮਰਾ ਨੰਬਰ 217, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਆ ਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

# ਪ੍ਰਾਚੀਨ ਸ਼ਿਵ ਦੁਰਗਾ ਮੰਦਰ ਵਿੱਚ ਮਨਾਇਆ ਜਨਮ ਅਸ਼ਟਮੀ ਦਾ ਤਿਉਹਾਰ



**ਲਹਿਰਾਗਾਗਾ/ਵਰਮਾ**

ਸਥਾਨਕ ਪ੍ਰਾਚੀਨ ਸ਼ਿਵ ਦੁਰਗਾ ਮੰਦਰ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਗਵਾਨ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਸੋਮਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰ ਤੋਂ ਹੀ ਪ੍ਰਾਚੀਨ ਸ਼ਿਵ ਦੁਰਗਾ ਮੰਦਰ ਵਿਖੇ ਸ਼ਰਧਾਲੂਆਂ ਦਾ ਆਉਣਾ ਸ਼ੁਰੂ ਹੋ ਗਿਆ ਸੀ। ਭਗਤਾਂ ਵੱਲੋਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੂੰ ਝੂਲਾ ਝੁਲਾਇਆ ਗਿਆ। ਭਗਵਾਨ ਸ਼੍ਰੀ ਕ੍ਰਿਸ਼ਨ ਰਾਧਾ ਦੀ ਪੂਜਾ ਮੰਦਰ ਦੇ ਮੁੱਖ ਸੇਵਾਦਾਰ ਮੋਨੂੰ ਸ਼ਰਮਾ ਵੱਲੋਂ ਕਰਵਾਉਣ ਉਪਰੰਤ ਮੁੱਖ ਯਜਮਾਨ ਐਡਵੋਕੇਟ ਗੌਰਵ ਗੋਇਲ ਸਪੁੱਤਰ ਐਡਵੋਕੇਟ ਬਰਿੰਦਰ ਗੋਇਲ ਕਨਵੀਨਰ ਲਹਿਰਾ ਵਿਕਾਸ ਮੰਚ ਨੇ ਆਪਣੇ ਪਰਿਵਾਰ ਸਮੇਤ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਅਸ਼ੀਰਵਾਦ ਲਿਆ। ਕੌਂਸਲਰ ਐਡਵੋਕੇਟ ਗੌਰਵ ਗੋਇਲ ਨੇ ਕਿਹਾ ਭਾਰਤ ਦੇਸ਼ ਵਿੱਚ ਹਰੇਕ ਤਿਉਹਾਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਐਡਵੋਕੇਟ ਗੋਰਵ ਗੋਇਲ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਸਨਾਤਨ ਧਰਮ ਨਾਲ ਜੁੜ ਕੇ ਮੱਧਵਰਗੀ ਪਰਿਵਾਰਾਂ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕਰਨ। ਕਿਉਂ ਕਿ ਸਮਾਜ ਭਲਾਈ ਦੇ ਕਾਰਜ ਕਰਕੇ ਮਨ ਨੂੰ ਬਹੁਤ ਸਕੂਨ ਮਿਲਦਾ ਹੈ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਅੱਛੀ, ਪੁਜਾਰੀ ਰਵੀ ਨੰਦਨ ਸਰਮਾ, ਕੇਵਲ ਗੋਇਲ, ਬਿਟੂੰ ਮੰਡਲ, ਸਾਹਿਲ ਜਿੰਦਲ, ਗਗਨ ਸਰਮਾ, ਅਜੇ ਜਿੰਦਲ, ਪਵਨ ਸਰਮਾ, ਕਾਕੂ ਅਤੇ ਗਿਆਨੀ ਬਲਜਿੰਦਰ ਸਿੰਘ ਮਾਨ ਹਾਜਰ ਸਨ।

**ਨਗਰ ਕੌਂਸਲਰ ਐਡਵੋਕੇਟ ਗੌਰਵ ਗੋਇਲ ਨੇ ਲਿਆ ਆਸ਼ੀਰਵਾਦ**

## ਕੌਮੀ ਲੋਕ ਅਦਾਲਤ ਸ਼ਨੀਵਾਰ 11 ਸਤੰਬਰ ਨੂੰ ਲੱਗੇਗੀ : ਨਵਦੀਪ ਕੋਰ ਗਿੱਲ

**ਗੁਰਦਾਸਪੁਰ-ਨਵਨੀਤ ਕੁਮਾਰ** : ਸ੍ਰੀਮਤੀ ਰਮੇਸ਼ ਕੁਮਾਰੀ ਮਾਣਯੋਗ ਜ਼ਿਲਾ ਅਤੇ ਸ਼ੈਸਨ ਜੱਜ-ਕਮ-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਰਹਿਨਮਾਈ ਹੇਠ ਨੂੰ ਸਥਾਨਕ ਕਚਹਿਰੀ ਗੁਰਦਾਸਪੁਰ ਅਤੇ ਬਟਾਲਾ ਵਿਖੇ ਦਿਨ ਸ਼ਨੀਵਾਰ 11 ਸਤੰਬਰ 2021 ਨੂੰ ਕੇਸਾਂ ਦੇ ਨਿਪਟਾਰੇ ਲਈ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਡਮ ਨਵਦੀਪ ਕੋਰ ਗਿੱਲ, ਸਿਵਲ ਜੱਜ (ਸੀਨੀਅਰ ਡਵੀਜ਼ਨ/ ਸੀ.ਜੀ.ਐਮ)ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ ਇਸ ਲੋਕ ਅਦਾਲਤ ਵੱਖ-ਵੱਖ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਜਿਵੇਂ ਕਿ ਕਰੀਮੀਨਲ ਕੰਪਾਊਂਡਬਲ ਕੇਸ, ਬੈਂਕ ਰਿਕਰਵਰੀ ਕੇਸ, ਐਮਏਸੀਟੀ ਕੇਸ, ਮੈਟਰੀਮੋਨੀਅਲ, ਲੈਬਰ ਦੇ ਝਗੜੇ, ਲੈਂਡ, ਬਿਜਲੀ ਅਤੇ ਪਾਣੀ ਦੇ ਬਿੱਲਾਂ, ਪੇਅ ਅਲਾਊਂਸ, ਰੈਵਨਿਊ ਕੇਸ ( ਜ਼ਿਲਾ ਅਤੇ ਹਾਈਕੋਰਟ ਕਚਹਿਰੀਆਂ ਵਿਚ ਪੈਡਿੰਗ) ਆਦਿ ਕੇਸ ਲਗਾਏ ਗਏ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸਜ਼ ਜਿਵੇਂ ਬੈਂਕ ਰਿਕਵਰੀ ਕੇਸ, ਲੈਬਰ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲ ਅਤੇ ਹੋਰ ਆਦਿ ਕੇਸ ਲਗਾਏ ਜਾ ਰਹੇ ਹਨ।




ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋ ਵੱਧ ਲੋਕ ਇਨਾਂ ਅਦਾਲਤਾਂ ਵਿੱਚ ਕੇਸ ਲਗਾਉਣ। ਲੋਕ ਅਦਾਲਤ ਦਾ ਫੈਸਲਾ ਅੰਤਮ ਫੈਸਲਾ ਹੁੰਦਾ ਹੈ ਅਤੇ ਅਦਾਲਤ ਦੀ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ। ਇਸ ਨਾਲ ਲੋਕਾਂ ਨੂੰ ਆਸਾਨੀ ਨਾਲ ਸਸਤਾ ਨਿਆਂ ਮਿਲਦਾ ਹੈ। ਇਸ ਲੋਕ ਅਦਾਲਤ ਵਿੱਚ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਇਨ੍ਹਾਂ ਲੋਕ ਅਦਾਲਤਾਂ ਦੇ ਫੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਇਨ੍ਹਾਂ ਲੋਕ ਅਦਾਲਤਾਂ ਰਾਹੀਂ ਕਰਵਾ ਕੇ ਲਾਭ ਪ੍ਰਾਪਤ ਕਰਨ।

# ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਜੰਗੀ ਪੱਧਰ ਉੱਤੇ ਕਾਰਜ ਜਾਰੀ : ਗਰੇਵਾਲ

## ਗੱਤਕਾ ਖੇਡ ਨੂੰ ਖੇਲੋ ਇੰਡੀਆ ਗੇਮਜ਼ ਚ ਸ਼ਾਮਲ ਕਰਵਾਇਆ



**ਲੁਧਿਆਣਾ/ਸੁਖਚੈਨ ਮਹਿਰਾ**

ਗੱਤਕਾ ਐਸੋਸੀਏਸਨ ਪੰਜਾਬ ਵੱਲੋਂ ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਜੰਗੀ ਪੱਧਰ ਉੱਤੇ ਕਾਰਜ ਜਾਰੀ ਹਨ ਅਤੇ ਵੱਖ-ਵੱਖ ਥਾਵਾਂ ਉੱਤੇ ਗੱਤਕਾ ਰੈਫ਼ਰੀ ਕੈਂਪ ਅਤੇ ਕੋਚਿੰਗ ਕੈਂਪ ਲਗਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਵਿਸ਼ਵ ਗੱਤਕਾ ਫੈਡਰੇਸ਼ਨ ਦੀ ਅਗਵਾਈ ਹੇਠ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਤਿਆਰ ਕੀਤੀ ਗਈ ਨਵੀਂ ਰੂਲ ਬੁੱਕ ਮੁਤਾਬਕ ਗੱਤਕਾ ਕੋਚਾਂ ਅਤੇ ਰੈਫਰੀਆਂ ਨੂੰ ਲੋੜੀਂਦੀ ਸਿਖਲਾਈ ਦੇਣ ਲਈ ਰਿਫਰੈਸ਼ਰ ਕੋਰਸ ਲਗਾ ਕੇ ਤਿਆਰ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਲਾਗਲੇ ਪਿੰਡ ਗਿੱਲ ਵਿਖੇ ਹੋਈ ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਦੀ ਮੀਟਿੰਗ ਦੌਰਾਨ ਮੁੱਖ ਮਹਿਮਾਨ ਵਜੋਂ ਪੁੱਜੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਸ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਨੇ ਦਿੱਤੀ। ਇਸ ਮੌਕੇ ਉਨ੍ਹਾਂ ਨਾਲ ਗੱਤਕਾ ਐਸੋਸੀਏਸ਼ਨ ਪੰਜਾਬ ਦੇ ਮੀਤ ਪ੍ਰਧਾਨ ਸਰਬਜੀਤ ਸਿੰਘ ਲੁਧਿਆਣਾ, ਐਸੋਸੀਏਸ਼ਨ ਦੇ ਮਾਝਾ ਜ਼ੋਨ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜਾ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ ਦੇ ਜ਼ਿਲ੍ਹਾ ਲੁਧਿਆਣਾ ਦੇ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਬੁਟਾਹਰੀ ਵੀ ਹਾਜ਼ਰ ਸਨ।

ਵੱਖ-ਵੱਖ ਗੱਤਕਾ ਅਖਾੜਿਆਂ ਦੇ ਜਥੇਦਾਰਾਂ, ਗੱਤਕਾ ਕੋਚਾਂ ਅਤੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਸ. ਗਰੇਵਾਲ ਨੇ ਕਿਹਾ ਕਿ ਪਿਛਲੇ ਡੇਢ ਦਹਾਕੇ ਦੌਰਾਨ ਗੱਤਕਾ ਖੇਡ ਦੇ ਮਾਣ-ਸਨਮਾਨ ਵਿੱਚ ਵਾਧਾ ਕਰਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਗੱਤਕਾ ਖੇਡ ਪਹਿਲਾਂ ਹੀ ਨੈਸਨਲ ਖੇਲੋ ਇੰਡੀਆ ਗੇਮਜ ਵਿੱਚ ਸ਼ਾਮਲ ਹੋ ਚੁੱਕੀ ਹੈ ਅਤੇ ਭਵਿੱਖ ਵਿੱਚ ਵਿਸ਼ਵ ਗੱਤਕਾ ਫੈਡਰੇਸ਼ਨ ਦੀ ਅਗਵਾਈ ਹੇਠ ਗੱਤਕੇ ਨੂੰ ਓਲੰਪਿਕ ਖੇਡਾਂ ਵਿਚ ਸ਼ਾਮਲ ਕਰਵਾਇਆ ਜਾਵੇਗਾ।

ਗੱਤਕਾ ਪ੍ਰਮੋਟਰ ਗਰੇਵਾਲ ਨੇ ਖਿਡਾਰੀਆਂ ਨਾਲ ਖੇਡ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੱਤਕਾ ਖਿਡਾਰੀਆਂ ਦੇ ਉੱਜਲ ਭਵਿੱਖ ਲਈ ਭਵਿੱਖ ਵਿੱਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਕਰਨ ਲਈ ਨਿਰੰਤਰ ਕੋਸਸਿਾਂ ਜਾਰੀ ਰਹਿਣਗੀਆਂ।

ਇਸ ਮੌਕੇ ਜਸਪ੍ਰੀਤ ਸਿੰਘ, ਗੁਰਸੇਵਕ ਸਿੰਘ, ਪਵਨਦੀਪ ਸਿੰਘ ਮਣਕੂ, ਗੁਰਵਿੰਦਰ ਸਿੰਘ ਲਾਡੀ, ਭਗਵਾਨ ਸਿੰਘ, ਸੁਖਪ੍ਰੀਤ ਸਿੰਘ, ਅਮਨਦੀਪ ਸਿੰਘ ਬੁਲਾਰਾ, ਫਤਿਹ ਸਿੰਘ, ਗੁਰਵਿੰਦਰ ਸਿੰਘ, ਪਰਦੀਪ ਸਿੰਘ, ਜਗਦੀਪ ਸਿੰਘ, ਪਰਮਜੀਤ ਸਿੰਘ ਪੰਮੀ ਤੇ ਜਰਨੈਲ ਸਿੰਘ ਹਾਜਰ ਸਨ ਜਿਨ੍ਹਾਂ ਨੇ ਗੱਤਕਾ ਐਸੋਸੀਏਸਨ ਪੰਜਾਬ ਦੀ ਅਗਵਾਈ ਹੇਠ ਗੱਤਕਾ ਟੂਰਨਾਮੈਂਟਾਂ ਅਤੇ ਸਿਖਲਾਈ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਦਾ ਅਹਿਦ ਕੀਤਾ।







# ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ 'ਚ ਕੱਢੀ ਗਈ ਵਿਸ਼ਾਲ ਸ਼ੋਭਾ ਯਾਤਰਾ

**ਜੀਰਕਪੁਰ/ਰਵੀ ਜੀਰਕਪੁਰ**



ਸ਼੍ਰੀ ਕ੍ਰਿਸ਼ਟ ਜਨਮ ਅਸ਼ਟਮੀ ਦੇ ਸੰਬੰਧ ਵਿੱਚ ਅੱਜ ਸ਼ੋਭਾ ਯਾਤਰਾ ਕੱਢੀ ਗਈ ਇਸ ਸਬੰਧੀ ਸ਼ਹਿਰ ਦੇ ਸਮੂਹ ਮੰਦਰਾਂ ਵਿੱਚ ਵਿਸ਼ੇਸ਼ ਸਜਾਵਟ ਕੀਤੀ ਗਈ ਹੈ ਅਤੇ ਮੰਦਰਾਂ ਵਿੱਚ ਸ੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਿਤ ਝਾਕੀਆਂ ਆਦਿ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਇਸ ਦੌਰਾਨ ਵੱਖ ਵੱਖ ਮੰਦਰਾਂ ਵਿੱਚ ਸਵੇਰੇ ਆਰਤੀ ਕੀਤੀ ਗਈ। ਬ੍ਰਹਮ ਕੁਮਾਰੀ ਆਸ਼ਰਮ ਵੱਲੋਂ ਕੱਢੀ ਗਈ ਵਿਸ਼ਾਲ ਸ਼ੋਭਾ ਯਾਤਰਾ ਬ੍ਰਹਮ ਕੁਮਾਰੀ ਆਸ਼ਰਮ ਤੋਂ ਰਵਾਨਾ ਹੋਈ ਇਸ ਮੌਕੇ ਲੱਡੂ ਗੋਪਾਲ ਪਾਲਕੀ ਯਾਤਰਾ ਦੌਰਾਨ ਆਕਰਸ਼ਕ ਝਾਕੀਆਂ ਵੇਖਣਯੋਗ ਸਨ। ਇਸ ਵਿਸ਼ਾਲ ਸ਼ੋਭਾ ਯਾਤਰਾ ਦਾ ਬਲਟਾਣਾ ਪਹੁੰਚਣ ਤੇ ਵਿਸ਼ੇਸ਼ ਸਵਾਗਤ ਕੀਤਾ ਗਿਆ। ਇਸ ਮੌਕੇ ਵਾਰਡ ਨੰਬਰ 5 ਦੀ ਕੌਂਸਲਰ ਨੇਹਾ ਸ਼ਰਮਾ ਨੇ ਸ਼ੋਭਾ ਯਾਤਰਾ ਦੇ ਆਯੋਜਨ ਲਈ ਸਮੂਹ ਪ੍ਰਬੰਧਕਾਂ ਨੂੰ ਆਪਣੇ ਵੱਲੋਂ ਮੁਬਾਰਕਬਾਦ ਭੇਂਟ ਕਰਦੇ ਹੋਏ ਕਿਹਾ ਕਿ ਸਨਾਤਨ ਧਰਮ ਦੇ ਲਈ ਕੀਤੇ ਜਾ ਰਹੇ ਇਨ ਾਂ ਦੇ ਉਪਰਾਲੇ ਪ੍ਰਸੰਸਾਯੋਗ ਹਨ ।ਉਨ ਾਂ ਇਸ ਮੌਕੇ ਸਰਬਤ ਦੇ ਭਲੇ ਲਈ ਅਰਦਾਸ ਵੀ ਕੀਤੀ।

# ਸ਼੍ਰੋਮਣੀ ਅਕਾਲੀ ਦਲ ਹਰ ਵਰਗ ਦੇ ਹਿਤਾਂ ਦਾ ਖਿਆਲ ਰੱਖਦਾ ਹੈ : ਐਨ ਕੇ ਸ਼ਰਮਾ

**ਜੀਰਕਪੁਰ/ਰਵੀ ਜੀਰਕਪੁਰ**

ਸ੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਇਕ ਅਜਿਹੀ ਪਾਰਟੀ ਹੈ ਜੋ ਹਰ ਵਰਗ ਦੇ ਲੋਕਾਂ ਦੇ ਹਿੱਤਾ ਦਾ ਖਿਆਲ ਰੱਖਦੀ ਹੈ। ਇਸ ਪਾਰਟੀ ਦਾ ਇਕੋ ਇਕ ਉਦੇਸ਼ ਲੋਕ ਭਲਾਈ ਕਰਨਾ ਹੈ। ਇਨ ਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਹਲਕਾ ਵਿਧਾਇਕ ਐਨ .ਕੇ .ਸ਼ਰਮਾ ਨੇ ਜੀਰਕਪੁਰ ਵਿਖੇ ਸ੍ਰੋਮਣੀ ਅਕਾਲੀ ਵਿਚ ਈਸਾਈ ਭਾਈਚਾਰੇ ਦੀ ਸ਼ਮੂਲੀਅਤ ਨੂੰ ਲੈ ਕੇ ਰੱਖੀ ਇਕ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਹਲਕਾ ਵਿਧਾਇਕ ਐਨ .ਕੇ .ਸ਼ਰਮਾ ਨੇ ਈਸਾਈ ਭਾਈਚਾਰੇ ਦੇ ਆਗੂਆਂ ਦਾ ਪਾਰਟੀ ਵਿਚ ਸਵਾਗਤ ਕੀਤਾ। ਉਨ ਾਂ ਵਲੋਂ ਪਾਸਟਰ ਨਥਾਨੀਅਲ ਮਸੀਹ ਨੂੰ ਉਪ ਪ੍ਰਧਾਨ ਮੋਹਾਲੀ, ਪਾਸਟਰ ਸਤਨਾਮ ਸਿੰਘ ਨੂੰ ਮੀਤ ਪ੍ਰਧਾਨ ਸਰਕਲ ਜੀਰਕਪੁਰ, ਪਾਸਟਰ ਅਨਿਲ ਨੂੰ ਉਪ ਪ੍ਰਧਾਨ ਜੋਨ ਬਲਟਾਣਾ, ਪਾਸਟਰ ਫਿਲਿਪਸ ਨੂੰ ਉਪ ਪ੍ਰਧਾਨ ਸਰਕਲ ਡੇਰਬੱਸੀ ਨਿਯੁਕਤ ਗਿਆ। ਇਸ ਮੌਕੇ ਨਵ ਨਿਯੁਕਤ ਅਹੁੱਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਹਰ ਧਰਮ ਦਾ ਦਿਲੋਂ ਸਤਿਕਾਰ ਕਰਦਾ ਹੈ। ਉਨ ਾਂ ਕਿਹਾ ਪਾਰਟੀ ਵਿਚ ਉਨ ਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ ਾਂ ਕਿਹਾ ਕਿ ਪੰਜਾਬ ਵਿੱਚ ਅਕਾਲੀਦਲ-ਬਸਪਾ ਦੀ ਸਰਕਾਰ ਬਣਨ ਤੇ ਸਭ ਤੋਂ ਪਹਿਲਾਂ ਈਸਾਈ ਭਾਈਚਾਰੇ ਦੀਆ ਮੁਢਲੀਆਂ ਮੰਗਾਂ ਮਨਜੂਰ ਕਰਕੇ ਉਨ ਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹਈਆਂ ਕਰਵਾਈਆਂ ਜਾਣਗੀਆਂ ਇਸ ਮੌਕੇ ਨਵ-ਨਿਯੁਕਤ ਅਹੁੱਦੇਦਾਰਾਂ ਨੇ ਐਨ .ਕੇ .ਸ਼ਰਮਾ ਦਾ ਧੰਨਵਾਦ ਕਰਦਿਆਂ ਕਿਹਾ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਵਿਕਾਸ ਦਾ ਢੰਡੋਰਾ ਪਿਟਣ ਵਾਲੇ ਵਿਧਾਇਕ ਰਾਣਾ ਗੁਰਜੀਤ ਸਿੰਘ ਜਰਾ ਇਹ ਦੱਸਣ ਦੀ ਕੋਸ਼ਿਸ਼ ਕਰਣਗੇ ਕਿ ਵਿਕਾਸ ਕਿੱਥੇ ਹੋ ਰਿਹਾ ਹੈ : ਅਵੀ ਰਾਜਪੂਤ

**ਕਪੂਰਥਲਾ/ਪਰਮਜੀਤ ਸੰਨੀ**



ਸ਼ਹਿਰ ਵਿੱਚ ਜੋਰਸ਼ੋਰ ਨਾਲ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦਾ ਢਿੰਡੋਰਾ ਪਿਟਣ ਵਾਲੇ ਹਲਕਾ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਉਨ੍ਹਾਂ ਦੇ ਕਾਂਗਰਸੀ ਕੌਂਸ਼ਲਰ ਜਨਤਾ ਨੂੰ ਜਰਾ ਇਹ ਦੱਸਣ ਦੀ ਕੋਸ਼ਿਸ਼ ਕਰਣਗੇ ਕਿ ਸ਼ਹਿਰ ਵਿੱਚ ਕਿੱਥੇ ਵਿਕਾਸ ਹੋ ਰਿਹਾ ਹੈ ।ਇਹ ਗੱਲ ਯੂਥ ਅਕਾਲੀ ਦਲ ਦੇ ਰਾਸ਼ਟਰੀ ਉਪਪ੍ਰਧਾਨ ਅਵੀ ਰਾਜਪੂਤ ਨੇ ਸੋਮਵਾਰ ਨੂੰ ਸ਼ਹਿਰ ਦੇ ਸਿਵਲ ਹਸਪਤਾਲ ਦੇ ਮੁੱਖ ਗੇਟ ਦੇ ਅੱਗੇ ਟੁੱਟੀ ਸੜਕ ਨੂੰ ਕੁੱਝ ਹੱਦ ਤੱਕ ਆਪ ਖ਼ੁੱਦ ਭਰਨ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕਹੀ ।ਉਨ੍ਹਾਂਨੇ ਕਿਹਾ ਕਿ ਸ਼ਹਿਰ ਵਿੱਚ ਵਿਕਾਸ ਦੇ ਜੋ ਹਾਲਤ ਇਸ ਸਮੇਂ ਬਣੇ ਹੋਏ ਹਨ,ਉਸਨੂੰ ਵੇਖਕੇ ਤਾਂ ਲੱਗਦਾ ਹੈ ਕਿ ਇਹ ਵਿਕਾਸ ਸ਼ਹਿਰ ਦਾ ਨਹੀਂ ਕਾਂਗਰਸੀ ਨੇਤਾਵਾਂ ਦਾ ਹੋ ਰਿਹਾ ਹੈ,ਇਨ੍ਹਾਂ ਕਾਂਗਰਸੀ ਨੇਤਾਵਾਂ ਨੂੰ ਜਨਤਾ ਦੀਆ ਮੁਸੀਬਤਾਂ ਤੋਂ ਕੁਛ ਲੈਣਾ ਦੇਣਾ ਨਹੀਂ ਹੈ ।ਉਨ੍ਹਾਂਨੇ ਇਲਜ਼ਾਮ ਲਗਾਇਆ ਕਿ ਪਿਛਲੇ ਕਾ਼ਫੀ ਲੰਬੇ ਸ਼ਮੇ ਤੋਂ ਸਿਵਲ ਹਸਪਤਾਲ ਦੇ ਮੁੱਖ ਗੇਟ ਦੇ ਸਾਹਮਣੇ ਸੜਕ ਟੁੱਟੀ ਹੋਈ ਹੈ,ਜਿਸ ਜਿਸ ਵੱਲ ਨਾ ਤਾਂ ਹਲਕਾ ਵਿਧਾਇਕ ਦਾ ਕੋਈ ਧਿਆਨ ਹੋ ਅਤੇ ਨਾ ਹੀ ਨਗਰ ਨਿਗਮ ਦਾ ਜੋ ਬਹੁਤ ਹੀ ਸ਼ਰਮ ਦੀ ਗੱਲ ਹੈ ।ਅਵੀ ਰਾਜਪੂਤ ਨੇ ਕਿਹਾ ਕਿ ਪਿਛਲੇ 20 ਸਾਲਾਂ ਤੋਂ ਖੇਤਰ ਦੀ ਨੁਮਾਇਦਗੀ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਕਰ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਕਪੂਰਥਲਾ ਖੇਤਰ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦਾ ਕੋਈ ਵਿਕਾਸ ਨਹੀਂ ਹੋਇਆ,ਜਿਸ ਕਾਰਨ ਰਿਆਸਤੀ ਸ਼ਹਿਰ ਕਪੂਰਥਲਾ ਜੋ ਕਦੇ ਪੰਜਾਬ ਦਾ ਪੈਰਿਸ ਕਹਾਂਦਾ ਸੀ,ਦੀ ਖ਼ੂਬਸੂਰਤੀ ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ ।ਉਨ੍ਹਾਂਨੇ ਕਿਹਾ ਕਿ ਪਿਛਲੇ 20 ਸਾਲਾਂ ਤੋਂ ਕਪੂਰਥਲਾ ਖੇਤਰ ਤੇ ਕਾਂਗਰਸ ਪਾਰਟੀ ਦਾ ਕਬਜਾ ਹੋਣ ਦੇ ਬਾਵਜੂਦ ਕਪੂਰਥਲਾ ਸ਼ਹਿਰ ਅੱਜ ਵੀ ਵਿਕਾਸ ਲਈ ਤਰਸ ਰਿਹਾ ਹੈ ।ਕਪੂਰਥਲਾ ਦੇ ਲੋਕ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ,ਸੜਕਾਂ ਦੀ ਤਰਸਯੋਗ ਹਾਲਤ ਹੈ,ਲੋਕ ਪੀਣ ਵਾਲੇ ਪਾਣੀ ਅਤੇ ਬਿਜਲੀ ਦੀ ਸਹੂਲਤ ਲਈ ਤਰਸ ਰਹੇ ਹਨ ।ਮੀਂਹ ਨੇ ਸ਼ਹਿਰ ਵਿੱਚ ਸੀਵਰੇਜ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ ।ਜਦੋਂ ਕਿ ਖੇਤਰ ਵਿਧਾਇਕ ਵਿਕਾਸ ਦੇ ਮੁੱਦੇ ਉੱਤੇ ਸ਼ਹਿਰ ਦੇ ਲੋਕਾਂ ਨੂੰ ਹਮੇਸ਼ਾ ਗੁੰਮਰਾਹ ਹੀ ਕਰਦੇ ਆ ਰਹੇ ਹਨ ।ਉਨ੍ਹਾਂਨੇ ਸ਼ਹਿਰ ਦੇ ਸ਼ਾਲੀਮਾਰ ਬਾਗ ਅਤੇ ਸੱਬਜੀ ਮੰਡੀ ਦੀ ਤਰਸਯੋਗ ਹਾਲਤ ਤੇ ਵੀ ਚਿੰਤਾ ਜਤਾਈ ਅਤੇ ਕਿਹਾ ਕਿ ਇਸ ਬਾਗ ਦੇ ਮੇਨ ਪਾਰਕ ਵਿੱਚ ਗੰਦਗੀ ਦੇ ਢੇਰ ਲੱਗੇ ਹੋਏ ਹਨ ਅਤੇ ਕੋਈ ਸਫਾਈ ਨਹੀਂ ਹੈ ।ਬੈਠਣ ਲਈ ਬੈਂਚ ਨਹੀਂ ਹੈ,ਬੱਚੀਆਂ ਦੇ ਚਿਲਡਰਨ ਪਾਰਕ ਵਿੱਚ ਝੂਲੇ ਟੁੱਟੇ ਪਏ ਹਨ ।ਸ਼ਹਿਰ ਵਿੱਚ ਸਫਾਈ ਵਿਵਸਥਾ ਚਰਮਰਾਈ ਹੋਈ ਹੈ,ਜਗ੍ਹਾ-ਜਗ੍ਹਾ ਗੰਦਗੀ ਦੇ ਢੇਰ ਲੱਗੇ ਹੋਏ ਹਨ ਅਤੇ ਸੀਵਰੇਜ ਵਿਵਸਥਾ ਦਾ ਤਾਂ ਬਹੁਤ ਮਾੜਾ ਹਾਲ ਹੈ ।ਅਤੇ ਸ਼ਹਿਰ ਦੀ ਸੱਬਜੀ ਮੰਡੀ ਦੇ ਦੁਕਾਨਦਾਰ ਵੀ ਬਹੁਤ ਪ੍ਰੇਸ਼ਾਨ ਹਨ,ਜਿੰਨਾ ਦਾ ਟੂਟੀ ਹੋਈ ਸੜਕ ਦੇ ਕਰਨ ਕੰਮਕਾਜ ਖਰਾਬ ਹੋ ਰਿਹਾ ਹੈ,ਤੇ ਉਨ੍ਹਾਂ ਦੀ ਸੁਣਨ ਵਾਲਾ ਕੋਈ ਨਹੀਂ ਹੈ। ਅਵੀ ਰਾਜਪੂਤ ਨੇ ਕਿਹਾ ਦੀ ਸਿਵਲ ਹਸਪਤਾਲ ਦੇ ਮੁੱਖ ਗੇਟ ਦੇ ਸਾਹਮਣੇ ਤਰਸਯੋਗ ਹਾਲਤ ਸੜਕ ਨੂੰ ਜੇਕਰ ਨਗਰ ਨਿਗਮ ਨੇ ਤਿੰਨ ਦਿਨ ਵਿੱਚ ਠੀਕ ਨਹੀਂ ਕਰਵਾਇਆ ਤਾਂ ਉਹ ਆਪ ਆਪਣੇ ਖਰਚੇ ਤੇ ਇਸ ਖੱਡੇ ਨੂੰ ਭਰਵਾਉਂਗੇ ।ਇਸ ਮੌਕੇ ਤੇ ਅਸ਼ੋਕ ਸ਼ਰਮਾ, ਮੰਜੀਤ ਸਿੰਘ, ਧੀਰਜ ਨਇਅਰ,ਲਾਡੀ,ਕੁਲਦੀਪਕ ਧੀਰ, ਲਵਲੀ, ਸੈਂਡੀ, ਅਨਿਲ ਕੁਮਾਰ,ਦੀਪਕ ਬਿਸ਼ਟ, ਸੁਮਿਤ ਕਪੂਰ, ਤਨਵੀਰ ਬਾਣੂ ,ਨਵਤੇਜ ਸਿੰਘ,ਲਖਬੀਰ ਸਿੰਘ, ਸ਼ਾਮ ਸੂੰਦਰ,ਸੁਨੀਲ, ਅਮਿਤ,ਸੰਨੀ,ਅਰਜੁਨ ਆਦਿ ਮੌਜੂਦ ਸਨ।

# ਯਾਦਗਾਰੀ ਹੋ ਨਿਬੜਿਆ ਗੁਰਦੂਆਰਾ ਦਾਦੂ ਸਾਹਿਬ ਵਿਖੇ ਕਰਵਾਇਆ ਸ਼ੁਕਰਾਨਾ ਸਮਾਗਮ

## ਕਥਾ ਕੀਰਤਨ ਦਰਬਾਰ ਸਜਿਆ ਇਲਾਕੇ ਅਤੇ ਦੂਰ ਦੁਰਾਡੇ ਤੋਂ ਹਜ਼ਾਰਾਂ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ







**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਨਵਨਿਯੁਕਤ ਮੈਂਬਰ ਸ. ਸੋਹਣ ਸਿੰਘ ਗਰੇਵਾਲ ਦਾਦੂ ਸਾਹਿਬ ਅਤੇ ਸ. ਜਗਤਾਰ ਸਿੰਘ ਤਾਰੀ ਕਾਲਾਂਵਾਲੀ ਮੰਡੀ ਵੱਲੋਂ ਅਕਾਲਪੁਰਖ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਦਿਆਂ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਸ਼ੁਕਰਾਨਾ ਸਮਾਗਮ ਕਰਵਾਏ ਗਏ। ਭੋਗ ਉਪਰੰਤ ਕਥਾ ਕੀਰਤਨ ਦਰਬਾਰ ਸਜਿਆ ਇਲਾਕੇ ਅਤੇ ਦੂਰ ਦੁਰਾਡੇ ਤੋਂ ਹਜ਼ਾਰਾਂ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ। ਇਸ ਸਮੇਂ ਪੰਥ ਪ੍ਰਸਿੱਧ ਢਾਡੀ ਜਥਾ ਗਿਆਨੀ ਸੁਖਪ੍ਰੀਤ ਸਿੰਘ ਪਲਾਸੌਰ ਵਾਲੇ ਹਜ਼ੂਰੀ ਜਥਾ ਭਾਈ ਗੁਰਸੇਵਕ ਸਿੰਘ ਰੰਗੀਲਾ ਨੇ ਰਸ ਭਿੰਨਾ ਕਥਾ ਕੀਰਤਨ ਅਤੇ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰਬਾਣੀ ਗੁਰ ਇਤਿਹਾਸ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਜੋੜਿਆ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਘਰਾਂ ਦਾ ਸੁਚੱਜਾ ਪ੍ਰਬੰਧ ਅਤੇ ਧਰਮ ਪ੍ਰਚਾਰ ਲਈ ਯਤਨਸ਼ੀਲ ਹੈ। ਸਮਾਜ ਦੇ ਵਿੱਚ ਭਾਈਚਾਰਕ ਏਕਤਾ ਸਾਂਝ ਨੂੰ ਵਧਾਉਣ ਵਾਸਤੇ ਵੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਮੇਂ ਸਮੇਂ ਸੰਘਰਸ਼ ਚਲਦੇ ਹਨ ਜੋ ਸਮੇਂ ਨਾਲ ਸਮਾਪਤ ਹੋ ਜਾਂਦੇ ਹਨ ਪਰ ਸਾਨੂੰ ਆਪਣੀ ਭਾਈਚਾਰਕ ਸਾਂਝ ਵਿਚ ਤਰੇੜ ਨਹੀਂ ਪਾਉਣੀ ਚਾਹੀਦੀ। ਸਾਰਿਆਂ ਨੂੰ ਆਪੋ ਆਪਣੇ ਹੱਕਾਂ ਲਈ ਜੂਝਦਿਆਂ ਭਾਈਚਾਰਕ ਸਾਂਝ ਨੂੰ ਕਾਇਮ ਰੱਖਣਾ ਜਰੂਰੀ ਹੈ ਕਿਉਂਕਿ ਫਿਰ ਆਪਸ ਵਿਚ ਵਰਤੋਂ ਵਿਹਾਰ ਕਰਦਿਆਂ ਇੱਥੇ ਹੀ ਵਿਚਰਨਾ ਹੈ। ਨਵਨਿਯੁਕਤ ਮੈਂਬਰ ਸਹਿਬਾਨਾਂ ਵੱਲੋਂ ਜਥੇਦਾਰ ਦਾਦੂਵਾਲ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰੋਪਾਓ ਭੇਟ ਕਰਕੇ ਸਨਮਾਨ ਕੀਤਾ ਗਿਆ। ਸਮਾਗਮ ਵਿਚ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਦੇ ਆਗੂ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ, ਬਾਬਾ ਭਗਵੰਤ ਸਿੰਘ ਰਾਜਪੁਰਾ, ਡਾਕਟਰ ਗੁਰਮੀਤ ਸਿੰਘ ਖਾਲਸਾ, ਬਾਬਾ ਜੀਵਨ ਸਿੰਘ ਚੁਨਾਗਰਾ, ਬਾਬਾ ਨਾਇਬ ਸਿੰਘ ਬਹਾਦਰਗਡ, ਸੰਤਰੇਨ ਬਾਬਾ ਸੁਖਬੀਰ ਸਿੰਘ ਲੌਂਡੇ ਵਾਲੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਸਬੀਰ ਸਿੰਘ ਭਾਟੀ, ਮੀਤ ਪ੍ਰਧਾਨ ਸਵਰਨ ਸਿੰਘ ਰਤੀਆ, ਮੀਤ ਸਕੱਤਰ ਐਡਵੋਕੇਟ ਚੰਨਦੀਪ ਸਿੰਘ ਰੋਹਤਕ, ਗੁਰਚਰਨ ਸਿੰਘ ਚੀਮੋ, ਸਤਪਾਲ ਸਿੰਘ ਰਾਮਗੜ੍ਹੀਆ, ਸਰਤਾਜ ਸਿੰਘ ਸੀਂਘੜਾ, ਅਮਰਿੰਦਰ ਸਿੰਘ ਅਰੋੜਾ, ਹਰਭਜਨ ਸਿੰਘ ਰਠੌੜ ਸਾਰੇ ਕਾਰਜਕਾਰਨੀ ਮੈਂਬਰ, ਪਲਵਿੰਦਰ ਸਿੰਘ ਬੋਡਸ਼ਾਮ ਕਰਨਾਲ, ਬੀਬੀ ਬਲਜਿੰਦਰ ਕੌਰ ਖਾਲਸਾ ਕੈਂਥਲ, ਪ੍ਰਧਾਨ ਗੁਰਪਾਲ ਸਿੰਘ ਗੋਰਾ ਏਲਨਾਬਾਦ, ਗੁਰਜੀਤ ਸਿੰਘ ਔਲਖ ਫਤਿਹਾਬਾਦ, ਰਾਮ ਸਿੰਘ ਹੰਸ ਰੋਹਤਕ, ਸੋਹਣ ਸਿੰਘ ਗਰੇਵਾਲ ਦਾਦੂ ਸਾਹਿਬ, ਜਗਤਾਰ ਸਿੰਘ ਤਾਰੀ ਕਾਲਾਂਵਾਲੀ ਮੰਡੀ ਸਾਰੇ ਮੈਂਬਰ ਹਰਿਆਣਾ ਕਮੇਟੀ, ਐਡਵੋਕੇਟ ਨਵਦੀਪ ਸਿੰਘ ਜੀਦਾ, ਐਡਵੋਕੇਟ ਜੀ ਐਸ ਧਾਲੀਵਾਲ, ਸਰਪੰਚ ਹਰਬੰਸ ਸਿੰਘ ਗਿੱਲ ਪ੍ਰਧਾਨ ਗੁਰਦੁਆਰਾ ਸਾਹਿਬ ਮਾਡਲ ਟਾਊਨ ਪਟਿਆਲਾ, ਸਰਪੰਚ ਸਤਿੰਦਰਜੀਤ ਸਿੰਘ ਸੋਨੀ ਤਿਲੋਕੇਵਾਲਾ, ਸ੍ਰੀ ਪ੍ਰਦੀਪ ਜੈਨ ਪ੍ਰਧਾਨ ਵਪਾਰ ਮੰਡਲ ਕਾਲਾਂਵਾਲੀ, ਸੁਰੇਸ਼ ਸਿੰਗਲਾ ਕਾਲਾਂਵਾਲੀ, ਬਲਜਿੰਦਰ ਸਿੰਘ ਪ੍ਰਧਾਨ ਚੁਨਾਗਰਾ, ਪ੍ਰਧਾਨ ਭੁਪਿੰਦਰ ਸਿੰਘ ਬਠਿੰਡਾ, ਪ੍ਰਧਾਨ ਸੁਰਜੀਤ ਸਿੰਘ ਸੋਖਲ ਬਠਿੰਡਾ, ਡਾਕਟਰ ਜਗਮੀਤ ਸਿੰਘ ਲਾਡੀ, ਨਿਰਮਲ ਸਿੰਘ ਮੱਲੜੀ, ਬਲਵਿੰਦਰ ਸਿੰਘ ਟਹਿਣਾ, ਜਸਪਿੰਦਰ ਸਿੰਘ ਡੱਲੇਵਾਲਾ, ਜਸਵੰਤ ਸਿੰਘ ਸਿਉਣਾ, ਦਲਜੀਤ ਸਿੰਘ 12 ਨੰਬਰ ਕਾਲਾਂਵਾਲੀ, ਅਰਵਿੰਦਰ ਸਿੰਘ ਸੋਢੀ ਸਰਦੂਲਗੜ, ਦਰਸ਼ਨ ਸਿੰਘ ਗਰਬਖਸ਼ ਸਿੰਘ ਤਖਤਮੱਲ, ਗਰਸੇਵਕ ਸਿੰਘ ਮੱਟਦਾਦੂ, ਤਰਸੇਮ ਸਿੰਘ ਧਰਮਪੁਰਾ, ਗੁਲਾਬ ਸਿੰਘ ਭੋਲਾ ਸਿੰਘ ਤਿਲੋਕੇਵਾਲਾ, ਹਰਮਨਜੀਤ ਸਿੰਘ, ਸੁਖਜੀਤ ਸਿੰਘ ਨੀਨਾ ਚਹਿਲ, ਨਾਇਬ ਸਿੰਘ ਮੱਲਵਾਲਾ, ਸਾਬਕਾ ਸਰਪੰਚ ਦਰਸ਼ਨ ਸਿੰਘ ਦਾਦੂ ਸਾਹਿਬ ਅਤੇ ਨੰਬਰਦਾਰ ਨਛੱਤਰ ਸਿੰਘ ਦਾਦੂ ਸਾਹਿਬ ਵੀ ਇਸ ਸਮੇਂ ਹਾਜਰ ਸਨ। ਗੁਰੂ ਕਾ ਲੰਗਰ ਅਤੁੱਟ ਵਰਤਿਆ ਅਤੇ ਲੰਗਰ ਬਣਾਉਣ ਵਰਤਾਉਣ ਦੀ ਸੇਵਾ ਪਿੰਡ ਦਾਦੂ ਸਾਹਿਬ ਦੇ ਨੌਜਵਾਨਾਂ ਨੇ ਕੀਤੀ ਅਕਾਲ ਪੁਰਖ ਦੀ ਕਿਰਪਾ ਸਦਕਾ ਇਹ ਸ਼ੁਕਰਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ।

# 4 ਸਤੰਬਰ ਨੂੰ ਤਿੱਖੇ ਸੰਘਰਸ ਦਾ ਐਲਾਨ ਕਰਨਗੇ ਜੰਗਲਾਤ ਕਾਮੇ



**ਪਟਿਆਲਾ/ਜਗਦੀਸ ਰਾਈਕਾ**

ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਅਮਰੀਕ ਸਿੰਘ,ਜਸਵੀਰ ਸੀਰਾ,ਸਿਵ ਕੁਮਾਰ ਤੇ ਜਸਵਿੰਦਰ ਸਿੰਘ ਸੌਜਾ ਨੇ ਅੱਜ ਪਟਿਆਲਾ ਵਿਖੇ ਇੱਕਤਰ ਮੁਲਾਜਮਾਂ ਨੂੰ ਸਬੋਧਨ ਕਰਦਿਆ ਕਿਹਾ ਕਿ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਵਲੋਂ ਜੰਗਲਾਤ ਮੰਤਰੀ ਦੇ ਹਲਕਾ ਨਾਭਾ ਵਿਚ 3 ਜੁਲਾਈ ਨੂੰ ਇੱਕ ਮਹਾਂ ਰੈਲੀ ਕਰਨ ਉਪਰੰਤ ਜੰਗਲਾਤ ਕਾਮਿਆਂ ਵੱਲੋਂ ਮੰਤਰੀ ਦੇ ਦਫਤਰ ਵੱਲ ਰੋਸ ਮਾਰਚ ਕੀਤਾ ਸੀ, ਤਾਂ ਪ੍ਰਸਾਸਨ ਨੇ ਰਸਤੇ ਵਿਚ ਰੋਕ ਕੇ ਜੰਗਲਾਤ ਮੰਤਰੀ ਜੀ ਦੇ ਨਾਲ 30 ਜੁਲਾਈ ਦੀ ਮੀਟਿੰਗ ਫ਼ਿਕਸ ਕਰਾਈਂ ,

ਉਨ੍ਹਾਂ ਇਹ ਵੀ ਕਿਹਾ ਕਿ ਮਾਨਯੋਗ ਜੰਗਲਾਤ ਮੰਤਰੀ ਜੀ ਦੇ ਨਾਲ 30 ਜੁਲਾਈ ਨੂੰ ਜੱਥੇਬੰਦੀ ਨਾਲ ਹੋਈ ਮੀਟਿੰਗ ਵਿੱਚ ਬਾਕੀ ਮੰਗਾਂ ਦੇ ਨਾਲ ਮਾਨਯੋਗ ਮੰਤਰੀ ਜੀ ਨੇ ਇੱਕ ਮਹੀਨੇ ਵਿੱਚ ਕੱਚੇ ਕਾਮੇ ਪੱਕੇ ਕਰਨ ਦਾ ਵਾਅਦਾ ਦਿੱਤਾ ਸੀ ਪਰ ਇੱਕ ਮਹੀਨੇ ਤੋਂ ਜਿਆਦਾ ਸਮਾਂ ਹੋ ਗਿਆ ਜੰਗਲਾਤ ਦੇ ਕਾਮਿਆਂ ਦੀਆਂ ਮੰਗਾਂ ਦਾ ਕੋਈ ਵੀ ਨਿਪਟਾਰਾ ਨਹੀਂ ਹੋਇਆ।

ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਦੇ ਆਗੂ ਦਰਸਨ ਬੇਲੂਮਾਜਰਾ, ਲਖਵਿੰਦਰ ਖਾਨਪੁਰ, ਜਸਵੀਰ ਖੋਖਰ ਤੇ ਚਮਕੋਰ ਸਿੰਘ ਧਾਰੋਕੀ ਨੇ ਕਿਹਾ ਕਿ ਜੰਗਲਾਤ ਵਰਕਰਜ ਯੂਨੀਅਨ ਦੀ ਸੂਬਾ ਇਕਾਈ 4 ਸਤੰਬਰ ਨੂੰ ਜਲੰਧਰ ਵਿਖੇ ਮੀਟਿੰਗ ਕਰਕੇ ਜੋ ਸੰਘਰਸ ਉਲੀਕੇ ਜਾਣਗੇ, ਫੈਡਰੇਸਨ ਵੱਲੋ ਇਹਨਾਂ ਸੰਘਰਸਾ ਚ ਭਰਭੁਰ ਸਹਿਯੋਗ ਦਿੱਤਾ ਜਾਵੇਗਾ, ਜਦੋਂ ਤੱਕ ਜੰਗਲਾਤ ਦੇ ਕੱਚੇ ਕਾਮੇ ਪੱਕੇ ਨਹੀ ਕੀਤੇ ਜਾਂਦੇ, ਪੰਜਾਬ ਸਰਕਾਰ ਖਲਿਾਫ ਆਰ ਪਾਰ ਦੀ ਲੜਾਈ ਲੜੀ ਜਾਵੇਗੀ ਅੱਜ ਦੀ ਇੱਕਤਰਤਾ ਚ ਹੋਰਨਾ ਤੋ ਇਲਾਵਾ ਜਗਤਾਰ ਸਿੰਘ ਸਾਹਪੁਰ,ਬੀਰਪਾਲ,ਮੇਜਰ ਸਿੰਘ ਸਰਹਿੰਦ, ਸੇਰ ਸਿੰਘ,ਬਲਵੀਰ ਸਿੰਘ,ਹਰਜਿੰਦਰ ਸਿੰਘ ਖਰੌੜੀ,ਨਰੇਸ ਕੁਮਾਰ,ਭਿੰਦਰ ਘੱਗਾ ਬਲਵਿੰਦਰ ਸਿੰਘ ਜੋਗਾ ਸਿੰਘ ਭਾਦਸੋਂ ਤੇ ਦਿਆਲ ਸਿੰਘ ਹਾਜਰ ਹੋਏ।

# ਕੋਰੋਨਾ ਮਹਾਂਮਾਰੀ ਦੌਰਾਨ ਪੰਜਾਬ ਸਰਕਾਰ ਵਲੋਂ ਵਪਾਰੀਆਂ ਤੋਂ ਵਸੂਲਿਆ ਗਿਆ ਪ੍ਰੋਪਰਟੀ ਟੈਕਸ ਭਾਜਪਾ ਸਰਕਾਰ ਆਉਣ ਤੇ ਰਿਫੰਡ ਕੀਤਾ ਜਾਵੇਗਾ : ਰਿਸ਼ੂ ਗਰਗ

**ਰਾਮਾਂ ਮੰਡੀ/ਅਨਿਲ ਜੈਨ**



ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਦੇ ਮੱਦੇਨਜਰ ਭਾਜਪਾ ਵੱਲੋਂ ਵਪਾਰੀਆਂ ਲਈ ਵੱਡੇ ਐਲਾਨ ਕੀਤੇ ਗਏ ਹਨ। ਭਾਜਪਾ ਯੁਵਾ ਮੋਰਚਾ ਦੇ ਜਿਲ੍ਹਾ ਪ੍ਰਧਾਨ ਰਿਸ਼ੂ ਗਰਗ ਜੀ ਨੇ ਇਸ ਬਾਰੇ ਵਿਸਤਾਰ ਵਿੱਚ ਦਸਦੇ ਹੋਏ ਕਿਹਾ ਕਿ ਪੰਜਾਬ ਭਾਜਪਾ ਨੇ ਵਪਾਰੀਆਂ ਲਈ ਐਲਾਨ ਕੀਤਾ ਹੈ ਕਿ ਕਾਂਗਰਸ ਸਰਕਾਰ ਦੁਆਰਾ ਕੋਰੋਨਾ ਮਹਾਂਮਾਰੀ ਦੌਰਾਨ ਵਪਾਰੀਆਂ ਲਈ ਜੋ ਪ੍ਰੋਪਰਟੀ ਟੈਕਸ ਵਸੂਲਿਆ ਗਿਆ ਹੈ, ਉਹ ਭਾਜਪਾ ਸਰਕਾਰ ਆਉਣ ਤੇ ਰਿਫੰਡ ਕੀਤਾ ਜਾਵੇਗਾ। ਜਿਹੜੇ ਵਪਾਰੀਆਂ ਨੂੰ ਸੈਂਟਰ ਦੀ ਸਕੀਮਾਂ ਲਈ ਦਫਤਰਾਂ ਦੇ ਚੱਕਰ ਕੱਟਣੇ ਪੈਂਦੇ ਸੀ ਉਹਨਾਂ ਨੂੰ ਭਾਜਪਾ ਸਰਕਾਰ ਸਿੰਗਲ ਵਿੰਡੋ ਸਿਸਟਮ ਰਾਹੀਂ ਆਸਾਨ ਬਣਾਵੇਗੀ ਅਤੇ ਰਿਫੰਡ ਪ੍ਰਕਿਰਿਆ ਨੂੰ ਵੀ ਸਰਲ ਕਰਦੇ ਹੋਏ ਭੁਗਤਾਨ ਸਮੇਂ ਸਿਰ ਕਰਵਾਵੇਗੀ। ਰਿਸ਼ੂ ਗਰਗ ਜੀ ਨੇ ਅੱਗੇ ਦਸਦੇ ਹੋਏ ਕਿਹਾ ਕਿ ਵਪਾਰੀਆਂ ਲਈ ਪ੍ਰੋਫੈਸਨਲ ਟੈਕਸ ਪੂਰੀ ਤਰ੍ਹਾਂ ਖਤਮ ਕੀਤੇ ਜਾਣਗੇ ਅਤੇ ਕੋਰੋਨਾ ਮਹਾਂਮਾਰੀ ਦੇ ਦੋ ਸਾਲਾਂ ਦੇ ਦੌਰਾਨ ਵਪਾਰੀਆਂ ਤੋਂ ਬਿਜਲੀ ਦੇ ਜੋ ਕਾਂਗਰਸ ਸਰਕਾਰ ਵੱਲੋਂ ਵਸੂਲੇ ਗਏ ਸੀ ਓਹ ਮੁਆਫ ਕੀਤੇ ਜਾਣਗੇ।। ਰਿਸ਼ੂ ਗਰਗ ਨੇ ਦਸਿਆ ਕਿ ਭਾਜਪਾ ਨੇ ਪਹਿਲਾਂ ਤੋਂ ਹੀ ਪੰਜਾਬ ਨੂੰ ਸਸਤੀ ਅਤੇ 24 ਘੰਟੇ ਬਿਜਲੀ ਦੇਣ ਦਾ ਐਲਾਨ ਕਰ ਦਿੱਤਾ ਸੀ, ਅਤੇ ਭਾਜਪਾ ਸਰਕਾਰ ਹਮੇਸਾ ਜੋ ਵਾਅਦੇ ਕਰਦੀ ਹੈ ਉਹਨਾਂ ਨੂੰ ਹਮੇਸਾ ਨਿਭਾਂਦੀ ਵੀ ਹੈ। ਕਾਂਗਰਸ ਤੇ ਨਿਸਾਨਾ ਸਾਧ ਦੇ ਹੋਏ ਕਿਹਾ ਕਿ ਕਾਂਗਰਸ ਵੱਲੋਂ ਪੰਜਾਬ ਦੇ ਵਪਾਰੀ, ਨੌਜਵਾਨ ਅਤੇ ਹਰ ਵਰਗ ਦਾ ਫਾਇਦੇ ਦੀ ਜਗ੍ਹਾ ਨੁਕਸਾਨ ਹੀ ਕੀਤਾ ਗਿਆ ਹੈ ਅਤੇ ਇਹਨਾਂ ਵੱਲੋਂ ਪੰਜਾਬ ਬਚਾਉਣ ਦੀ ਗੱਲ ਜਾ ਯਤਨ ਨਹੀਂ ਦੇਖੇ ਗਏ ਹਨ। ਜੇਕਰ ਪੰਜਾਬ ਵਿੱਚ ਭਾਜਪਾ ਆਉਂਦੀ ਹੈ ਤਾਂ ਇਹ ਹਰ ਵਰਗ ਲਈ ਖੁਸਹਾਲੀ ਲੈਕੇ ਆਵੇਗੀ ।





# ਸਟੀਫਨ ਇੰਟਰਨੈਸਨਲ ਸਕੂਲ ਵਿੱਚ ਮਨਾਇਆ ਗਿਆ ਸ਼੍ਰੀ ਕ੍ਰਿਸਨ ਜਨਮ ਅਸ਼ਟਮੀ ਦਾ ਤਿਉਹਾਰ

**ਸੁਨਾਮ/ਵਰਮਾ**

ਭਗਵਾਨ ਵਿਸਨੂੰ ਜੀ ਦੇ ਅੱਠਵੇਂ ਅਵਤਾਰ ਭਗਵਾਨ ਕ੍ਰਿਸਨ ਜੀ ਦੇ ਜਨਮ ਦੀ ਸਾਲਾਨਾ ਯਾਦਗਾਰ ਦੇ ਰੂਪ ਵਿੱਚ ਸਟੀਫਨ ਇੰਟਰਨੈਸਨਲ ਸਕੂਲ ਦੇ ਵਿਦਿਆਰਥੀਆਂ ਨੇ ਸਨੀਵਾਰ ਨੂੰ ਸਕੂਲ ਦੇ ਕੈਂਪਸ ਵਿੱਚ ਸ਼੍ਰੀ ਕ੍ਰਿਸਨ ਜਨਮ ਅਸਟਮੀ ਮਨਾਈ। ਇਸ ਮੌਕੇ 2 ਤੋਂ 5 ਸਾਲ ਦੀ ਉਮਰ ਦੇ ਵਿਦਿਆਰਥੀਆਂ ਨੇ ਕ੍ਰਿਸਨ ਅਤੇ ਰਾਧਾ ਦੇ ਰੂਪ ਵਿੱਚ ਸੁੰਦਰ ਕੱਪੜੇ ਪਾਏ ਹੋਏ ਸਨ। ਸਮਾਰੋਹ ਲਈ ਸਕੂਲ ਨੂੰ ਬਹੁਤ ਵਧੀਆ ਢੰਗ ਨਾਲ ਸਜਾਇਆ ਗਿਆ ਸੀ। ਇਸ ਮੌਕੇ ਆਰਤੀ ਤੇ ਭਜਨਾਂ ਦਾ ਪਾਠ ਕੀਤਾ ਗਿਆ ਅਤੇ ਜਨਮ ਅਸਟਮੀ ਨਾਲ ਸਬੰਧਤ ਗੀਤ ਵਜਾਏ ਗਏ। ਸਕੂਲ ਦੇ ਸਟਾਫ ਅਤੇ ਬੱਚਿਆਂ ਵੱਲੋਂ ਪੂਜਾ ਅਰਚਨਾ ਕੀਤੀ ਗਈ। ਫੁੱਲਾਂ ਦੀ ਖੁਸਬੂ, ਕਪੂਰ ਦੇ ਬਲਣ ਦੀ ਸੁਗੰਧ ਅਤੇ ਘੰਟੀਆਂ ਦੀ ਅਵਾਜ ਨੇ ਹਵਾ ਨੂੰ ਖੁਸ਼ਨੁਮਾ ਬਣਾ ਦਿੱਤਾ। ਪੂਜਾ ਤੋਂ ਬਾਅਦ ਸਾਰੇ ਬੱਚਿਆਂ ਨੂੰ ਪ੍ਰਸਾਦ ਵੰਡਿਆ ਗਿਆ। ਜਨਮ ਅਸਟਮੀ ਦੇ ਸੁਨੇਹੇ ਨੂੰ ਦਰਸਾਉਂਦੀ, ਨੇਕ ਇੱਛਾਵਾਂ ਨੂੰ ਉਤਸਾਹਤ ਕਰਦੀ ਅਤੇ ਬੁਰੀਆਂ ਇੱਛਾਵਾਂ ਦਾ ਤਿਆਗ ਕਰਨ ਦਾ ਸੁਨੇਹਾ ਦੇਣ ਲਈ ਇੱਕ ਛੋਟੀ ਜਿਹੀ ਸਕਿੱਟ ਵੀ ਪੇਸ਼ ਕੀਤੀ ਗਈ। ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਸਰਮਾ ਨੇ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਦਿਨ ਦੇ ਮਹੱਤਵ ਅਤੇ ਕ੍ਰਿਸਨ ਜੀ ਦੇ ਬਚਪਨ ਅਤੇ ਜਵਾਨੀ ਦੇ ਦਿਨਾਂ ਦੇ ਵੱਖ-ਵੱਖ ਪਹਿਲੂਆਂ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦਹੀ-ਹਾਂਡੀ ਦੇ ਜਸਨ ਸਮੇਤ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਖੇਡਣ ਅਤੇ ਸਰਾਰਤੀ ਪੱਖ ਦੇ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਪੂਰੀ ਦੁਨੀਆਂ ਵਿੱਚ ਹਿੰਦੂਆਂ ਦੁਆਰਾ ਮਨਾਇਆ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਕੂਲ ਵਿੱਚ ਗੁਰਪੁਰਬ, ਈਦ ਅਤੇ ਕ੍ਰਿਸਮਿਸ ਸਮੇਤ ਸਾਰੇ ਧਾਰਮਿਕ ਤਿਉਹਾਰ ਬੱਚਿਆਂ ਵਿੱਚ ਭਾਈਚਾਰੇ ਨੂੰ ਉਤਸਾਹਤ ਕਰਨ ਅਤੇ ਸਹੀ ਨੀਂਹ ਰੱਖਣ ਲਈ ਮਨਾਏ ਜਾਂਦੇ ਹਨ।

# ਪਿੰਡ ਚਤਰ ਨਗਰ ਵਿਚ ਸ਼ਰਧਾ ਨਾਲ ਮਨਾਇਆ ਜਨਮ ਅਸ਼ਟਮੀ ਦਾ ਤਿਉਹਾਰ



**ਰਾਜਪੁਰਾ/ਸਰਦਾਰਾ ਸਿੰਘ ਲਾਛੜੂ**

ਗੁੱਗਾ ਮਾੜੀ ਪਿੰਡ ਚਤਰ ਨਗਰ ਵਿਖੇ ਜਨਮ ਅਸ਼ਟਮੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ।ਇਸ ਮੌਕੇ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਅਤੇ ਉਹਨਾਂ ਦੇ ਸਪੁੱਤਰ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ, ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਉਂਟਸਰ, ਸਰਪੰਚ ਯੂਨੀਅਨ ਦੇ ਬਲਾਕ ਪ੍ਰਧਾਨ ਐਨ ਪੀ ਸਰਪੰਚ ਪਬਰੀ, ਅਤੇ ਘਨੌਰ ਯੂਥ ਕਾਂਗਰਸ ਦੇ ਪ੍ਰਧਾਨ ਇੰਦਰਜੀਤ ਸਿੰਘ ਗਿਫਟੀ ਨੇ ਵਿਸ਼ੇਸ ਤੌਰ ਤੇ ਹਾਜਰੀ ਲਵਾਈ। ਇਸ ਮੌਕੇ ਸ਼ਹੀਦ ਉਧਮ ਸਿੰਘ ਯੂਥ ਕਲੱਬ ਪਿੰਡ ਚਤਰ ਨਗਰ ਅਤੇ ਗ੍ਰਾਮ ਪੰਚਾਇਤ ਚਤਰ ਨਗਰ ਵੱਲੋਂ ਸਿੰਗਲ ਵਿਕਟ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ।ਜਿਸ ਵਿੱਚ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ ਨੇ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਗਗਨਦੀਪ ਸਿੰਘ ਜਲਾਲਪੁਰ ਨੇ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਇਸ ਧਰਤੀ ਤੇ ਲੱਗਦੇ ਮੇਲੇ ਸਾਡੀ ਸ਼ਾਨ ਹਨ।ਉਨ੍ਹਾਂ ਕਿਹਾ ਕਿ ਪਿੰਡ ਦੇ ਨੌਜਵਾਨ ਅਤੇ ਗ੍ਰਾਮ ਪੰਚਾਇਤ ਟੂਰਨਾਮੈਂਟ ਕਰਵਾਉਣ ਲਈ ਵਧਾਈ ਦੀ ਪਾਤਰ ਹੈ।ਇਸ ਮੌਕੇ ਗੁਣਵੰਤ ਸਿੰਘ ਗਿੱਲ, ਰਵੀ ਕੁਮਾਰ ਬਠੌਉਣੀਆਂ, ਸਰਪੰਚ ਹਰਵਿੰਦਰ ਸਿੰਘ ਖੋਖਰ, ਗੁਰਜੀਤ ਸਿੰਘ ਕਲੱਬ ਪ੍ਰਧਾਨ, ਕਪੂਰ ਸਿੰਘ, ਧਰਮ ਸਿੰਘ ਸਾਬਕਾ ਸਰਪੰਚ, ਗਿਆਨ ਸਿੰਘ ਹੌਲਦਾਰ, ਗੁਰਪ੍ਰੀਤ ਸਿੰਘ ਹੈਪੀ, ਬਲਜਿੰਦਰ ਸਿੰਘ ਪੰਚ, ਜਸਵਿੰਦਰ ਸਿੰਘ ਪੰਚ, ਗੁਰਜੰਟ ਸਿੰਘ ਪੰਚ ਮੌਜੂਦ ਸਨ।

# ਸਮਾਜਿਕ ਜਥੇਬੰਦੀਆਂ ਦੀ ਇਕੱਤਰਤਾ ਜਲਦੀ : ਸਤਨਾਮ ਸਿੰਘ ਗਿੱਲ

**ਰਈਆ/ਲੋਕ ਬਾਣੀ**

ਘੱਟ ਗਿਣਤੀਆਂ ਲੋਕ ਭਲਾਈ ਸੰਸਥਾ (ਰਜਿ) ਦੇ ਸੁਪਰੀਮੋਂ ਸ੍ਰ ਸਤਨਾਮ ਸਿੰਘ ਗਿੱਲ ਨੇ ਸੂਬੇ 'ਚ ਸਮਾਜਿਕ ਜਥੇਬੰਦੀਆਂ ਨੂੰ ਨਾਲ ਲੈ ਕੇ ਇੱਕ ਗੈਰ ਸਿਆਸੀ ਸਮਾਜਿਕ ਜਥੇਬੰਦੀਆਂ ਦਾ ਸਾਂਝਾ ਗਠਜੋੜ ਹੋਂਦ 'ਚ ਲਿਆਉਂਣ ਲਈ ਰਸਮੀਂ ਐਲਾਨ ਕਰ ਦਿੱਤਾ ਹੈ। ਉਨ੍ਹਾ ਨੇ ਦੱਸਿਆ ਕਿ ਮੌਕਾਪ੍ਰਸਤ ਸਿਆਸੀ ਘਰਾਣਿਆਂ ਨੂੰ ਸਤਾ ਚੋਂ ਬਾਹਰਲਾ ਰਸਤਾ ਦਿਖਾਉਂਣ ਲਈ ਹੁਣ ਸਮਾਜ ਸੈਵੀ ਜਥੇਬੰਦੀਆਂ ਨੂੰ ਅੱਗੇ ਲਿਆਉਂਣ ਅਤੇ ਨਵੇਂ ਚੇਹਰਿਆਂ ਨੂੰ ਪੰਜਾਬ ਵਿਧਾਨ ਸਭਾ 'ਚ ਪ੍ਰਤੀਨਿਧਤਾ ਦੇਣ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ।

ਚੇਤੇ ਰਹੇ ਕਿ ਉਹ ਅੱਜ ਇਥੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰ ਰਹੇਨ ਸਨ।

ਇੱਕ ਸਵਾਲ ਦੇ ਜਵਾਬ 'ਚ ਉਨ੍ਹਾ ਨੇ ਕਿਹਾ ਕਿ ਇਸ ਵਾਰ ਆਜ਼ਾਦ ਉਮੀਦਵਾਰ ਗੈਰ ਸਿਆਸੀ ਸਾਂਝੇ ਸਮਾਜਿਕ ਸੰਗਠਨ ਦੇ ਬੈਨਰ ਹੇਠ ਵੱਡੀਆਂ ਅਤੇ ਰਵਾਇਤੀ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਚੋਣ ਮਹਿੰਮ ਜਬਰਦਸਤ ਟੱਕਰ ਦੇਣਗੇ। ਉਨ੍ਹਾ ਨੇ ਕਿਹਾਕਿ ਪੰਜਾਬ 'ਚ ਸਰਗਰਮ ਹਰ ਸਮਾਜਿਕ ਜਥੇਬੰਦੀ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਦਫਤਰ ਸਕੱਤਰ ਤੱਕ ਪਹੁੰਚ ਕਰਕੇ ਜਲੰਧਰ ਸਥਿਤ ਸ਼ਹੀਦ ਭਗਤ ਸਿੰਘ ਯਾਦਗਾਰੀ ਹਾਲ ਜਲੰਧਰ ਵਿਖੇ ਸਰਬ ਸਾਂਝੀ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਜੇਕਰ ਇਕੱਤਰੀ ਪ੍ਰੋਗਰਾਮ ਸਿਰੇ ਚੜ ਗਿਆ ਤਾਂ ਫਿਰ 117 ਵਿਧਾਨ ਸਭਾ ਹਲਕਿਆਂ 'ਚ ਸਮਾਜਿ ਜਥੇਬੰਦੀਆਂ ਦਾ ਸਾਂਝਾ ਗਰੁੱਪ ਆਪਣੇ ਉਮੀਦਵਾਰਾਂ ਨੂੰ ਚੋਣ ਮੈਦਾਨ 'ਚ ਉਤਾਰਨ ਦਾ ਫੈਂਸਲਾ ਲਵੇਗਾ। ਇਸ ਮੌਕੇ ਸ੍ਰ ਲਖਵਿੰਦਰ ਸਿੰਘ ਅਟਾਰੀ, ਸ੍ਰ ਗੁਰਮੇਲ ਸਿੰਘ ਜੋਧਾ, ਫੁੱਲਜੀਤ ਸਿੰਘ ਵਰਪਾਲ, ਦਲਬੀਰ ਸਿੰਘ ਟਕਾਪੁਰ, ਬਾਬਾ ਸੰਤੋਖ ਸਿੰਘ ਬੱਲਸਰਾਏ, ਠੇਕੇਦਾਰ ਅਵਤਾਰ ਸਿੰਘ ਜੋਧੇ, ਜਸ਼ਨਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਪੀਏ ਗੁਰਪ੍ਰੀਤ ਸਿੰਘ ਖਾਲਸਾ, ਰੇਸ਼ਮ ਸਿੰਘ ਨਾਹਰ, ਬਲਜੀਤ ਸਿੰਘ ਤਰਸਿੱਕਾ, ਰਮਨਦੀਪ ਕੌਰ ਭਲਾਈਪੁਰ, ਸਤਨਾਮ ਸਿੰਘ ਸਭਰਵਾਲ ਆਦਿ ਹਾਜਰ ਸਨ।



# ਅਗਰਵਾਲ ਸਮਾਜ ਸਭਾ ਧਰਮਕੋਟ ਵੱਲੋਂ ਫਾਰਮੇਸੀ ਅਫਸਰ ਸ: ਗੁਰਬੀਰ ਸਿੰਘ ਨੂੰ ਕੀਤਾ ਗਿਆ ਸਨਮਾਨਿਤ

**ਮੋਗਾ/ਦਵਿੰਦਰ ਸਿੰਘ ਬਿੱਟੂ**



ਅਗਰਵਾਲ ਸਮਾਜ ਸਭਾ ਧਰਮਕੋਟ ਦੇ ਵੱਲੋਂ ਫਾਰਮੇਸੀ ਅਫਸਰ ਸ:ਗੁਰਬੀਰ ਨੂੰ ਕੋਵਿਡ19 ਕਾਲ ਦੇ ਵਿਚ ਧਰਮਕੋਟ ਸਹਿਰ ਨੂੰ ਚੰਗੀਆਂ ਸੇਵਾਵਾਂ ਦੇਣ ਦੇ ਲਈ ਸਨਮਾਨਤ ਕੀਤਾ ਗਿਆ। ਅਗਰਵਾਲ ਸਮਾਜ ਸਭਾ ਧਰਮਕੋਟ ਦੇ ਪ੍ਰਧਾਨ ਰਮਨ ਜਿੰਦਲ ਨੇ ਦੱਸਿਆ ਕਿ ਜਦੋ ਦਾ ਕੋਵਿਡ19 ਕਾਲ ਚੱਲ ਰਿਹਾ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਗੁਰਬੀਰ ਸਿੰਘ ਸਹਿਰ ਨੂੰ ਬਹੁਤ ਹੀ ਚੰਗੀਆਂ ਸੇਵਾਵਾਂ ਦੇ ਰਹੇ ਹਨ। ਉਹਨਾਂ ਦੱਸਿਆ ਕਿ ਗੁਰਬੀਰ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਸਮੇਂ ਸਮੇਂ ਤੇ ਸਹਿਰ ਵਾਸੀਆਂ ਨੂੰ ਕੋਵਿਡ ਮਹਾਮਾਰੀ ਤੋਂ ਬਚਣ ਲਈ ਸਹਿਰ ਵਾਸੀਆਂ ਨੂੰ ਜਾਣਕਾਰੀ ਮੁਹਇਆ ਕਰਵਾਈ ਜਾ ਰਹੀ ਹੈ।ਅਤੇ ਉਨ੍ਹਾਂ ਦੱਸਿਆ ਕਿ ਗੁਰਬੀਰ ਸਿੰਘ ਅਤੇ ਉਹਨਾਂ ਦੀ ਟੀਮ ਦੇ ਸਹਿਯੋਗ ਨਾਲ ਸਮੇਂ ਸਮੇਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਮੇਲ-ਜੋਲ ਵਧਾ ਕੇ ਕੋਵਿਡ ਵੈਕਸੀਨੇਸਨ ਦੇ ਕੈਂਪ ਵੀ ਲਗਾਏ ਜਾ ਰਹੇ ਹਨ। ਜਿਸ ਨਾਲ ਧਰਮਕੋਟ ਹਲਕੇ ਦੇ ਲੋਕ ਟੀਕਾਕਰਨ ਕਰਵਾ ਕੇ ਕਰੋਨਾ ਵਰਗੀ ਭਿਆਨਕ ਬੀਮਾਰੀ ਤੋਂ ਬਚ ਸਕਣਗੇ। ਇਸ ਮੌਕੇ ਉਨ੍ਹਾਂ ਨਾਲ ਸੂਬਾ ਪ੍ਰਧਾਨ ਡਾ.ਅਜੇ ਕਾਸਲ, ਸਪਨ ਨੌਹਰੀਆ, ਪੀ.ਐਨ ਮਿੱਤਲ, ਰਮੇਸ ਕੁਮਾਰ ਸਿੰਗਲਾ, ਉਮੇਸ ਨੌਹਰੀਆ, ਪਾਲੀ ਨੌਹਰੀਆ, ਰੋਬਿਨ ਅਗਰਵਾਲ, ਆਕਾਸ ਜਿੰਦਲ ਜਗਮੋਹਨ ਗੋਇਲ ਅਤੇ ਸਭਾ ਦੇ ਮੈਂਬਰ ਮੌਜੂਦ ਸਨ।

PB 32 LOUNGE AND BAR




M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

# ਤਿੰਨ ਭੈਣਾਂ ਦੇ ਇਕਲੌਤੇ ਭਰਾ ਦੀ ਦੁਬਈ ਦੇ ਵਿਚ ਹਾਰਟ ਅਟੈਕ ਨਾਲ ਹੋਈ ਮੌਤ

**ਧਰਮਕੋਟ/ਦਵਿੰਦਰ ਸਿੰਘ ਬਿੱਟੂ ਰਣਜੀਤ ਸਿੰਘ ਸੰਧੂ**



ਧਰਮਕੋਟ ਸਬ ਡਿਵੀਜ਼ਨ ਅਧੀਨ ਪੈਂਦੇ ਪਿੰਡ ਮੇਲਕ ਕੰਗਾਂ ਦੇ ਸੁਖਜਿੰਦਰ ਸਿੰਘ ਸੁੱਖਾ ਪੁੱਤਰ ਬਖਤੌਰ ਸਿੰਘ ਦੀ ਦੁਬਈ ਵਿੱਚ ਮੌਤ ਹੋ ਜਾਣ ਦਾ ਦੁਖਦ ਸਮਾਚਾਰ ਪ੍ਰਾਪਤ ਹੋਇਆ ਪ੍ਰਾਪਤ ਹੋਈ ਜਾਣਕਾਰੀ ਮੁਤਾਬਕ ਸੁਖਜਿੰਦਰ ਸਿੰਘ ਉਰਫ ਸੁੱਖਾ ਜੋ ਕਿ ਤਿੰਨ ਸਾਲ ਤੋਂ ਦੁਬਈ ਦੇ ਵਿਚ ਟਰੱਕ ਡਰਾਈਵਰੀ ਦਾ ਕੰਮ ਕਰਦਾ ਸੀ ਸੁਖਜਿੰਦਰ ਸਿੰਘ ਨੂੰ ਸ਼ਨੀਵਾਰ ਰਾਤ ਨੂੰ ਹਾਰਟ ਅਟੈਕ ਆਉਣ ਦੇ ਨਾਲ ਉਸ ਦੀ ਮੌਤ ਹੋ ਗਈ ਸੁਖਜਿੰਦਰ ਸਿੰਘ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ ਸੁਖਜਿੰਦਰ ਸਿੰਘ ਦੀ ਮੌਤ ਦਾ ਸਮਾਚਾਰ ਜਿਵੇਂ ਹੀ ਇਲਾਕੇ ਦੇ ਵਿਚ ਪਹੁੰਚਿਆ ਤਾਂ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ।



ਬ੍ਰਾਹਮਣ ਸਭਾ ਪੰਜਾਬ ਦੇ ਸੂਬਾ ਇੰਚਾਰਜ ਪ੍ਰਦੀਪ ਮੈਨਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬ੍ਰਾਹਮਣ ਸਭਾ ਦੇ ਸਾਰੇ ਐਗਜੀਕਿਉਟਿਵ ਮੈਬਰਾਂ ਨੇ ਬ੍ਰਾਹਮਣ ਕਲਿਆਣ ਬੋਰਡ ਬਣਾਉਣ ਅਤੇ ਉਸ ਦਾ ਚੇਅਰਮੈਨ ਐਡਵੋਕੇਟ ਸ਼ੇਖਰ ਸ਼ੁਕਲਾ ਨੂੰ ਬਣਾਉਣ ਲਈ ਮਹਾਰਾਣੀ ਪ੍ਰਨੀਤ ਕੌਰ ਦਾ ਧੰਨਵਾਦ ਕੀਤਾ ਅਤੇ ਬ੍ਰਾਹਮਣ ਸਮਾਜ ਦੀਆਂ ਮੰਗਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਮਹਾਰਾਣੀ ਪ੍ਰਨੀਤ ਕੌਰ ਨੇ ਜਲਦੀ ਤੋਂ ਜਲਦੀ ਬ੍ਰਾਹਮਣ ਸਮਾਜ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਦਾ ਭਰੋਸਾ ਦਿਵਾਇਆ। ਫੋਟੋ ਤੇ ਵੇਰਵਾ-ਵਰਮਾ, ਸੰਗਰੂਰ।

# ਲੰਬੇ ਸਮੇਂ ਤੋਂ ਸੁਨਾਮ ਵਿਧਾਨ ਸਭਾ ਹਲਕੇ ਦਾ ਵਿਕਾਸ ਨਹੀਂ ਹੋਇਆ, ਅਕਾਲੀ ਦਲ ਬਾਦਲ ਸੁਨਾਮ ਹਲਕੇ ਚ ਹੁਣ ਵੀ ਮਜਬੂਤ : ਵਿਨਰਜੀਤ ਸਿੰਘ ਗੋਲਡੀ

■ 2022 ਚੋਣਾਂ ਲੜਨ ਦਾ ਇੱਛੁਕ ਹਾਂ , ਜੇਕਰ ਟਿਕਟ ਨਹੀਂ ਮਿਲੀ ਤਾਂ ਪਾਰਟੀ ਨਾਲ ਹੀ ਖੜਾ ਰਹਾਂਗਾ- ਵਿਨਰਜੀਤ ਸਿੰਘ ਗੋਲਡੀ

**ਸੁਨਾਮ/ਵਰਮਾ**

ਪੰਜਾਬ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਲਈ ਹਰ ਪਾਰਟੀ ਪੱਬਾਂ ਭਾਰ ਹੋ ਰਹੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਜੇਕਰ ਗੱਲ ਕਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਬੀਜੇਪੀ ਤੋਂ ਨਾਤਾ ਤੋੜ ਕੇ ਹੁਣ ਬੀਐੱਸਪੀ ਪਾਰਟੀ ਦਾ ਹੱਥ ਫੜ ਲਿਆ ਹੈ। ਵਿਧਾਨ ਸਭਾ ਹਲਕਾ ਸੁਨਾਮ ਜੋ ਕਿ ਪਹਿਲਾਂ ਅਕਾਲੀ ਦਲ ਦਾ ਗੜ੍ਹ ਮੰਨਿਆ ਜਾਂਦਾ ਸੀ। ਪਰ 2017 ਤੋਂ ਬਾਅਦ ਅਕਾਲੀ ਦਲ ਬਾਦਲ ਦੀ ਇਸ ਹਲਕੇ ਵਿੱਚ ਮਜਬੂਤ ਪਕੜ ਨਹੀਂ ਰਹੀ। 2022 ਦੀਆਂ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪੰਜਾਬ ਵਿੱਚ ਕਈ ਥਾਵਾਂ ਤੇ ਆਪਣੇ ਉਮੀਦਵਾਰ ਐਲਾਨ ਕਰ ਦਿੱਤੇ ਗਏ ਹਨ। ਪਰ ਸੁਨਾਮ ਵਿਧਾਨ ਸਭਾ ਹਲਕੇ ਲਈ ਉਮੀਦਵਾਰ ਐਲਾਨਣ ਵਿੱਚ ਫਿਲਹਾਲ ਪਾਰਟੀ ਸ਼ਸ਼ੋਪੰਜ ਵਿਚ ਹੈ। ਕਿਉਂ ਕਿ 2017 ਵਿੱਚ ਗੋਬਿੰਦ ਸਿੰਘ ਲੌਂਗੋਵਾਲ ਸੁਨਾਮ ਹਲਕੇ ਤੋਂ ਚੋਣਾਂ ਹਾਰ ਗਏ ਸਨ। ਪਹਿਲਾਂ ਅਕਾਲੀ ਦਲ ਬਾਦਲ ਦੀ ਇਸ ਹਲਕੇ ਵਿੱਚ ਮਜਬੂਤੀ ਢੀਂਡਸਾ ਪਰਿਵਾਰ ਕਰਕੇ ਸੀ। ਪਰ ਹੁਣ ਢੀਂਡਸਾ ਪਰਿਵਾਰ ਵੀ ਅਕਾਲੀ ਦਲ ਤੋਂ ਪੱਲਾ ਛੁਡਾ ਚੁੱਕਿਆ ਹੈ। ਜੇਕਰ ਇਸ ਵਾਰ ਅਕਾਲੀ ਦਲ ਬਾਦਲ ਦੇ ਉਮੀਦਵਾਰਾਂ ਦੀ ਗੱਲ ਕਰੀਏ ਤਾਂ ਸੁਨਾਮ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੇ ਬੁਲਾਰੇ



ਵਿਨਰਜੀਤ ਸਿੰਘ ਗੋਲਡੀ, ਐੱਸਜੀਪੀਸੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਪਾਰਟੀ ਦੇ ਸੀਨੀਅਰ ਨੇਤਾ ਬਲਦੇਵ ਮਾਨ ਆਪੋ-ਆਪਣੀ ਦਾਅਵੇਦਾਰੀ ਠੋਕ ਰਹੇ ਹਨ। 2017 ਦੀਆਂ ਚੋਣਾਂ ਵਿੱਚ ਸੁਨਾਮ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਤੀਜੇ ਨੰਬਰ ਤੇ ਰਿਹਾ ਸੀ। ਇੰਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਪਕੜ ਮਜਬੂਤ ਹੋਈ ਅਤੇ ਸੁਨਾਮ ਹਲਕੇ ਤੋਂ ਅਮਨ ਅਰੋੜਾ ਚੋਣ ਜਿੱਤ ਕੇ ਵਿਧਾਇਕ ਬਣ ਗਏ। ਪਰ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਬਾਦਲ ਸੁਨਾਮ ਹਲਕੇ ਤੋਂ ਆਪਣੀ ਮਜਬੂਤੀ ਦੱਸ ਰਿਹਾ ਹੈ। ਪਾਰਟੀ ਦੇ ਬੁਲਾਰੇ ਵਿਨਰਜੀਤ ਸਿੰਘ ਖਡਿਆਲ ਨੇ ਦੱਸਿਆ ਹੈ ਕਿ ਪਾਰਟੀ ਨੂੰ ਸੁਨਾਮ ਹਲਕੇ ਵਿੱਚ ਕੋਈ ਨੁਕਸਾਨ ਨਹੀਂ ਹੋਇਆ ਹੈ। ਚਾਹੇ ਉਹ ਕਿਸਾਨ ਅੰਦੋਲਨ ਚੱਲ ਰਿਹਾ ਹੋਵੇ ਜਾਂ ਫੇਰ ਬੀਜੇਪੀ ਪਾਰਟੀ ਨਾਲ ਨਾਤਾ ਤੋੜਨ ਦੀ ਗੱਲ ਹੋਵੇ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਕਿਸਾਨਾਂ ਨਾਲ ਖੜ੍ਹੀ ਹੋਈ ਹੈ। ਕਿਸਾਨਾਂ ਦੇ ਹੱਕ ਦੇ ਵਿੱਚ ਹੀ ਸਾਡੇ ਆਗੂਆਂ ਨੇ ਵਜ਼ੀਰੀ ਛੱਡੀ ਅਤੇ ਬੀਜੇਪੀ ਨਾਲ ਨਾਤਾ ਤੋੜਿਆ। ਹੁਣ ਸ਼੍ਰੋਮਣੀ ਅਕਾਲੀ ਦਲ ਬੀ ਐੱਸ ਪੀ ਨਾਲ ਮਿਲ ਕੇ ਚੋਣਾਂ ਲੜ ਰਹੀ ਹੈ। ਜਿਸ ਤਰ੍ਹਾਂ ਹਲਕੇ ਵਿੱਚ ਪਹਿਲਾਂ ਉਨ੍ਹਾਂ ਦੀ ਪਾਰਟੀ ਦੀ ਮਜਬੂਤੀ ਸੀ, ਉਸੇ ਤਰ੍ਹਾਂ ਹੁਣ ਵੀ ਬਰਕਰਾਰ ਹੈ। ਵਿਨਰਜੀਤ ਗੋਲਡੀ ਨੇ ਇਹ ਮੰਨਿਆ ਕਿ ਸੁਨਾਮ ਹਲਕੇ ਵਿੱਚ ਨਾ ਹੀ ਕੋਈ ਚੰਗਾ ਹਸਪਤਾਲ ਹੈ, ਨਾ ਹੀ ਸਟੇਡੀਅਮ, ਨਾ ਹੀ ਸਰਕਾਰੀ ਸਕੂਲ, ਨਾ ਹੀ ਪਾਰਕ ਅਤੇ ਨਾ ਹੀ ਕੋਈ ਵੱਡੀ ਇੰਡਸਟਰੀਜ ਆਈ ਹੈ। ਸੁਨਾਮ ਦੇ ਬੱਸ ਸਟੈਂਡ ਦਾ ਬੁਰਾ ਹਾਲ ਹੈ ਜੋ ਕਿ ਲੰਬੇ ਸਮੇਂ ਤੋਂ ਇਸ ਤਰ੍ਹਾਂ ਹੀ ਚੱਲਦਾ ਆ ਰਿਹਾ ਹੈ। ਵਿਨਰਜੀਤ ਗੋਲਡੀ ਨੇ ਢੀਂਡਸਾ ਪਰਿਵਾਰ ਤੇ ਠੀਕਰਾ ਭੰਨਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਢੀਂਡਸਾ ਕਈ ਵਾਰ ਚੋਣਾਂ ਜਿੱਤੇ, ਪਰ ਸੁਨਾਮ ਦੇ ਵਿਕਾਸ ਲਈ ਉਨ੍ਹਾਂ ਨੇ ਕੰਮ ਨਹੀਂ ਕੀਤਾ। ਇਸ ਵਿੱਚ ਉਨ੍ਹਾਂ ਦੀ ਪਾਰਟੀ ਦਾ ਕੋਈ ਕਸੂਰ ਨਹੀਂ ਹੈ। ਕਸੂਰ ਉਨ੍ਹਾਂ ਦੀ ਪਾਰਟੀ ਵੱਲੋਂ ਬਣੇ ਵਿਧਾਇਕਾਂ ਦਾ ਹੀ ਰਿਹਾ ਹੈ। ਵਿਨਰਜੀਤ ਗੋਲਡੀ ਨੇ ਕਿਹਾ ਕਿ ਹਲਕੇ ਵਿੱਚ ਕਾਂਗਰਸ ਕੋਈ ਵੀ ਕੰਮ ਨਹੀਂ ਕਰਵਾ ਸਕੀ। ਜੇਕਰ ਕੋਈ ਸੜਕਾਂ-ਗਲੀਆਂ ਦੇ ਕੰਮ ਹੋਏ ਹਨ, ਉਨ੍ਹਾਂ ਕੰਮਾਂ ਵਿੱਚ ਸਿਰਫ ਲੀਪਾ-ਪੋਤੀ ਹੀ ਕੀਤੀ ਗਈ ਹੈ। ਸਹੀ ਕੰਮ ਬਿਲਕੁਲ ਨਹੀਂ ਹੋਏ। ਆਮ ਆਦਮੀ ਪਾਰਟੀ ਤੋਂ ਜਿੱਤੇ ਅਮਨ ਅਰੋੜਾ ਦੀ ਕਾਰਜਗੁਜਾਰੀ ਵੀ ਜ਼ੀਰੋ ਰਹੀ ਹੈ ਉਨ੍ਹਾਂ ਵੱਲੋਂ ਸ਼ਹਿਰ ਦੇ ਵਿੱਚ ਹੋ ਰਹੀ ਕਰੱਪਸ਼ਨ, ਗੁੰਡਾਗਰਦੀ ਜਾਂ ਵਿਕਾਸ ਦੇ ਗਲਤ ਹੋ ਰਹੇ ਕੰਮਾਂ ਲਈ ਸਮੇਂ-ਸਮੇਂ ਤੇ ਆਵਾਜ਼ ਚੁੱਕੀ ਗਈ ਹੈ, ਪਰ ਮੀਡਿਆ ਨੇ ਸਾਡੀ ਅਵਾਜ ਨਹੀਂ ਚੁੱਕੀ। ਰਹੀ ਗੱਲ ਸੁਨਾਮ ਹਲਕੇ ਤੋਂ ਉਮੀਦਵਾਰ ਦੀ, ਤਾਂ ਸ਼੍ਰੋਮਣੀ ਅਕਾਲੀ ਦਲ ਦੀ ਹਾਈਕਮਾਨ ਜਾਂ ਕੋਰ ਕਮੇਟੀ ਜੋ ਵੀ ਫੈਸਲਾ ਕਰੇਗੀ ਉਹ ਉਨ੍ਹਾਂ ਨੂੰ ਮਨਜੂਰ ਹੋਵੇਗਾ।

# ਇੰਟਰਨੈੱਟ ਅਤੇ ਮੋਬਾਇਲਾਂ ਨੇ ਬੱਚਿਆਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਰੋਕ ਦਿੱਤਾ ਵਿਜੈ ਗਰਗ

**ਅੱਜ** ਦੇ ਯੁੱਗ ਵਿੱਚ ਇੰਟਰਨੈੱਟ ਦੇ ਤੇਜੀ ਨਾਲ ਵਧਦੇ ਇਸਤੇਮਾਲ 'ਚ ਬਚਪਨ ਗੁਆਚਦਾ ਜਾ ਰਿਹਾ ਹੈ। ਜਿਸ ਦੀ ਪ੍ਰਵਾਹ ਕਿਸੇ ਨੂੰ ਵੀ ਨਹੀਂ ਹੈ ਨਾ ਹੀ ਸਮਾਜ ਇਸ ਬਾਰੇ ਚਿੰਤਤ ਹੈ। ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਗੈਰ-ਮੁੱਦੇ ਸਾਡੇ 'ਤੇ ਹਾਵੀ ਹੁੰਦੇ ਜਾ ਰਹੇ ਹਨ ਤੇ ਅਹਿਮ ਸਮੱਸਿਆਵਾਂ ਤੋਂ ਅਸੀਂ ਮੂੰਹ ਮੋੜਦੇ ਜਾ ਰਹੇ ਹਾਂ। ਜੇਕਰ ਇਹ ਸਭ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਅਸੀਂ ਬੱਚਿਆਂ ਦੇ ਬਚਪਨ ਨੂੰ ਬਰਬਾਦੀ ਦੇ ਨੇੜੇ ਪਹੁੰਚਾ ਦੇਵਾਂਗੇ। ਦੇਸ਼ ਤੇ ਸਮਾਜ ਦੇ ਨਾਲ ਇਹ ਇੱਕ ਵੱਡੀ ਬੇਇਨਸਾਫੀ ਹੋਵੇਗੀ ਜਿਸ ਦੀ ਸਾਨੂੰ ਖਬਰ ਵੀ ਨਹੀਂ।

ਖੇਡ ਕੁੱਦ ਵਾਲਾ ਬਚਪਨ:?ਜਦੋਂ ਤੋਂ ਇੰਟਰਨੈੱਟ ਸਾਡੀ ਜਿੰਦਗੀ ਵਿੱਚ ਆਇਆ ਹੈ ਉਦੋਂ ਤੋਂ ਹੀ ਬਜੁਰਗਾਂ ਤੋਂ ਲੈ ਕੇ ਬੱਚਿਆਂ ਤੱਕ ਸਾਰੇ ਇੱਕ ਖੁਆਬੀ ਦੁਨੀਆਂ ਵਿੱਚ ਗੁਆਚ ਗਏ ਹਨ। ਅੱਜ ਦੇ ਸਮੇਂ ਵਿੱਚ ਦੇਖਿਆ ਜਾਂਦਾ ਹੈ ਕਿ 4-5 ਸਾਲ ਦਾ ਬੱਚਾ ਵੀ ਅੱਖਾਂ ਖੋਲ੍ਹਣ ਸਾਰ ਮੋਬਾਇਲ ਆਪਣੇ ਹੱਥਾਂ ਵਿੱਚ ਲੈਂਦਾ ਹੈ। ਪਹਿਲਾਂ ਵੱਡੇ ਮੋਬਾਇਲਾਂ ਨੂੰ ਸਿਰਫ ਆਪਣੇ ਕੰਮ ਲਈ ਇਸਤੇਮਾਲ ਕਰਦੇ ਸਨ ਪਰ ਹੁਣ ਬੱਚੇ ਵੀ ਇੰਟਰਨੈੱਟ ਦੇ ਸ਼ੌਕੀਨ ਹੁੰਦੇ ਜਾ ਰਹੇ ਹਨ । ਬਜਾਰਾਂ ਨੇ ਉਹਨਾਂ ਲਈ ਇੰਟਰਨੈੱਟ 'ਤੇ ਏਨਾ ਕੁਝ ਦੇ ਦਿੱਤਾ ਹੈ ਕਿ ਉਹ ਪੜ੍ਹਨ ਤੋਂ ਬਿਨਾ ਬਹੁਤ ਕੁਝ ਇੰਟਰਨੈੱਟ 'ਤੇ ਕਰਦੇ ਰਹਿੰਦੇ ਹਨ ਤੇ ਦੇਖਦੇ ਰਹਿੰਦੇ ਹਨ । ਅੱਜ-ਕੱਲ੍ਹ ਦੇ ਬੱਚੇ ਇੰਟਰਨੈੱਟ ਦੇ ਪ੍ਰੇਮੀ ਬਣ ਗਏ ਹਨ। ਜਿੱਥੇ ਬੱਚਿਆਂ ਦਾ ਬਚਪਨ ਖੇਡਦਾ ਹੁੰਦਾ ਸੀ ਉੱਥੇ ਉਹ ਇਸ ਸਮੇਂ ਰਚਨਾਤਮਕ ਕੰਮਾਂ ਦੀ ਥਾਂ ਇੰਟਰਨੈੱਟ ਡਾਟੇ ਦੇ ਜੰਗਲ ਵਿੱਚ ਗੁੰਮ ਹੋ ਗਏ ਹਨ। ਪਿਛਲੇ ਕਈ ਸਾਲਾਂ ਵਿੱਚ ਸੂਚਨਾ ਤਕਨੀਕ ਨੇ ਜਿਸ ਤਰ੍ਹਾਂ ਤਰੱਕੀ ਕੀਤੀ ਹੈ, ਇਸ ਨੇ ਮਨੁੱਖੀ ਜੀਵਨ 'ਤੇ ਨਾ ਸਿਰਫ ਡੂੰਘਾ ਅਸਰ ਪਾਇਆ ਹੈ ਸਗੋਂ ਇੱਕ ਤਰ੍ਹਾਂ ਆਮ ਇਨਸਾਨ ਦੇ ਜੀਵਨ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ।

ਮਾਪੇ ਬੱਚਿਆਂ ਤੋਂ ਖਹਿੜਾ ਛੁਡਾਉਣ ਲਈ ਉਹਨਾਂ ਦੇ ਹੱਥਾਂ ਵਿੱਚ ਮੋਬਾਇਲ ਫੜ੍ਹਾ ਦਿੰਦੇ ਹਨ ਜਿਸ ਕਾਰਨ ਬੱਚੇ ਚਿੜਚਿੜੇ ਹੋ ਰਹੇ ਹਨ। ਉਹ ਕਿਸੇ ਦੀ ਵੀ ਕੋਈ ਗੱਲ ਸੁਣਨਾ ਪੰਸਦ ਨਹੀਂ ਕਰਦੇ । ਘਰ ਦੇ ਕੰਮਾਂ ਤੋਂ ਵੀ ਮੂੰਹ ਮੋੜਨ ਲੱਗ ਗਏ ਹਨ। ਪਰਿਵਾਰਕ ਫੰਕਸ਼ਨ ਜਾਂ ਸਮਾਜਿਕ ਕੰਮਾਂ ਵਿੱਚ ਤੇ ਪਰਿਵਾਰ ਨਾਲ ਕਿਤੇ ਵੀ ਜਾਣਾ ਉਹਨਾਂ ਨੂੰ ਪੰਸਦ ਨਹੀਂ। ਪਰਿਵਾਰਕ ਦਬਾਅ ਕਾਰਨ ਜੇਕਰ ਕਿਸੇ ਪਾਰਟੀ, ਸਮਾਗਮ ਆਦਿ 'ਤੇ ਚਲੇ ਵੀ ਜਾਣ ਤਾਂ ਉੱਥੇ ਵੀ ਆਪਣੇ ਮੋਬਾਇਲ ਨਾਲ ਚਿੰਬੜੇ ਰਹਿੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇੰਟਰਨੈੱਟ ਨੇ ਬੱਚਿਆਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਰੋਕ ਦਿੱਤਾ ਹੈ। ਪੜਤਾਲ ਕਰਨ 'ਤੇ ਇਹ ਸਾਹਮਣੇ ਆਇਆ ਹੈ ਕਿ ਕੱਚੀ ਉਮਰ ਵਿੱਚ ਬੱਚੇ ਸਹੀ ਤੇ ਗਲਤ ਦਾ ਫਰਕ ਨਹੀਂ ਕਰ ਪਾਉਂਦੇ । ਉਹ ਗਲਤ ਸਾਈਟਾਂ 'ਤੇ ਗਲਤ ਚੱਕਰ ਵਿੱਚ ਫਸ ਜਾਂਦੇ ਹਨ । ਪੜ੍ਹਨਲਿਖਣ ਰਚਨਾਤਮਕ ਕੰਮਾਂ ਵਿੱਚ ਆਪਣਾ ਸਮਾਂ ਦੇਣ ਦੀ ਬਜਾਏ ਉਹ ਅਸ਼ਲੀਲਤਾ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਨ ਤੇ ਆਪਣਾ ਬੇਸ਼ਕੀਮਤੀ ਸਮਾਂ ਮੋਬਾਇਲ ਵਿੱਚ ਖਰਚ ਕਰ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬੱਚੇ ਆਪਣਾ ਬਹੁਤਾ ਸਮਾਂ ਆਨਲਾਈਨ ਗੇਮਾਂ ਖੇਡਣ ਤੇ ਇੰਟਰਨੈੱਟ 'ਤੇ ਕਈ ਸਾਈਟਾਂ ਖੋਲ੍ਹਣ ਵਿੱਚ ਵਿਅਸਤ ਰਹਿੰਦੇ ਹਨ। ਅਜਿਹੇ ਬੱਚੇ ਕਈ ਵਾਰ ਅਣਚਾਹੇ ਤੇ ਦੁਖਦਾਈ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ । ਪਿਛਲੇ ਸਮੇਂ ਫਰਾਂਸ ਨੇ ਕਾਨੂੰਨ ਬਣਾ ਦਿੱਤਾ ਕਿ ਬੱਚੇ ਦੇ ਮੋਬਾਇਲ ਫੋਨ ਇਸਤੇਮਾਲ 'ਤੇ ਮਨਾਹੀ ਹੈ। ਹਾਲਾਂਕਿ ਸਾਡੇ ਦੇਸ਼ ਵਿੱਚ ਸੀਬੀਐੱਸਈ ਵੱਲੋਂ ਸਕੂਲਾਂ ਵਿੱਚ ਅਧਿਆਪਕਾਂ ਤੇ ਬੱਚਿਆਂ ਦੇ ਮੋਬਾਇਲ ਫੋਨ ਦੇ ਇਸਤੇਮਾਲ 'ਤੇ ਲਿਖਤ ਵਿੱਚ ਸਖ਼ਤ ਮਨਾਹੀ ਹੈ ਪਰ ਸਾਡੇ ਦੇਸ਼ ਵਿੱਚ ਇਨ੍ਹਾਂ ਨਿਯਮਾਂ ਤੇ ਕਾਨੂੰਨਾਂ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ । ਪ੍ਰਾਈਵੇਟ ਸਕੂਲਾਂ ਦਾ ਇਹ ਕਹਿਣਾ ਮਜ਼ਬੂਰੀ ਬਣ ਗਈ ਹੈ ਕਿ ਉਹ ਲੋੜ ਤੋਂ ਵੱਧ ਕੇ ਬੱਚਿਆਂ ਨੂੰ ਰੋਕ-ਟੋਕ ਨਹੀਂ ਸਕਦੇ ।

ਅੱਜ ਦੇ ਸਮੇਂ ਵਿੱਚ ਸਾਡੇ ਬੱਚੇ ਇੰਟਰਨੈੱਟ ਦੇ ਗੁਲਾਮ ਬਣਦੇ ਜਾ ਰਹੇ ਹਨ। ਗਲਤ ਸਾਈਟਾਂ ਕਾਰਨ ਬੱਚਿਆਂ ਦੇ ਵਿਗੜਨ ਦੀ ਦਰ ਦਿਨੋ-ਦਿਨ ਵਧਦੀ ਜਾ ਰਹੀ ਹੈ । ਇਸ ਬਾਰੇ ਜੇਕਰ ਕੋਈ ਕਾਨੂੰਨ ਬਣੇ ਤੇ ਸਖਤੀ ਨਾਲ ਪੇਸ਼ ਕੀਤਾ ਜਾਵੇ ਤਾਂ ਇਸ ਤੋਂ ਛੁਟਕਾਰਾ ਪਾਉਣ ਦੀ ਆਸ ਪੈਦਾ ਹੋ ਸਕਦੀ ਹੈ। ਵੱਡੇ ਸ਼ਹਿਰਾਂ ਵਿੱਚ ਤਾਂ ਮੋਬਾਇਲ ਦੀ ਬਿਮਾਰੀ ਇਸ ਹੱਦ ਤੱਕ ਵਧ ਗਈ ਹੈ ਕਿ ਕਈ ਨੌਜਵਾਨਾਂ ਨੂੰ ਸਿਹਤ ਸੁਧਾਰ ਕੇਂਦਰ ਵਿੱਚ ਦਾਖਿਲ ਕਰਵਾਉਣ ਦੀ ਨੌਬਤ ਆ ਗਈ ਹੈ । ਬੱਚੇ ਹੋਣ ਜਾਂ ਨੌਜਵਾਨ ਇੱਕ ਮਿੰਟ ਵੀ ਸਮਾਰਟਫੋਨ ਪਾਸੇ ਰੱਖਣਾ ਪਸੰਦ ਨਹੀਂ ਕਰਦੇ। ਹੱਥ ਵਿੱਚ ਸਮਾਰਟਫੋਨ ਫੜਨ ਦਾ ਨਸ਼ਾ ਛਾਇਆ ਰਹਿੰਦਾ ਹੈ। ਪਿਛਲੇ ਕੁਝ ਸਮੇਂ ਤੋਂ ਮੋਬਾਇਲ ਕੰਪਨੀਆਂ ਨੇ ਇੰਟਰਨੈੱਟ ਡਾਟੇ ਦੇ ਖੇਤਰ ਵਿੱਚ ਜਿਸ ਤਰ੍ਹਾਂ ਦੀ ਜੰਗ ਛੇੜੀ ਹੈ ਉਸ ਨੇ ਇਸ ਸਮੱਸਿਆ ਨੂੰ ਹੋਰ ਵੀ ਵੱਡਾ ਕਰ ਦਿੱਤਾ ਹੈ। ਲਗਭਗ ਸਾਰੀਆਂ ਕੰਪਨੀਆਂ ਇੱਕ-ਦੂਜੇ ਵੱਲ ਵੇਖ ਕੇ ਬਹੁਤ ਘੱਟ ਖ਼ਰਚੇ ਵਿੱਚ ਅਨਲਿਮਟਿਡ ਡਾਟਾ ਪੇਸ਼ ਕਰ ਰਹੀਆਂ ਹਨ, ਜਿਸ ਦਾ ਬੱਚੇ-ਨੌਜਵਾਨ ਪੂਰਾ ਲੁਤਫ ਉਠਾ ਰਹੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਮੋਬਾਇਲ ਦਾ ਇਸਤੇਮਾਲ ਉਹ ਆਪਣੇ ਲਈ ਰਚਨਾਤਮਕ ਕੰਮਾਂ ਵਿੱਚ ਨਾ ਦੇ ਬਰਾਬਰ ਕਰ ਰਹੇ ਹਨ । ਅੱਜ-ਕੱਲ੍ਹ ਦਾ ਇਨਸਾਨ ਸਾਰਾ ਦਿਨ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ ਤੇ ਨਵੇਂ ਚੱਲੇ ਟਿਕਟੌਕ ਆਦਿ ਸਭ ਤੋਂ ਗੰਭੀਰ ਸਾਈਟਾਂ 'ਤੇ ਸਰਚ ਕਰਨ ਲੱਗ ਗਿਆ ਹੈ। ਅੱਜ ਦੇ ਸਮੇਂ ਵਿਚ ਖੇਡ ਮੈਦਾਨ ਵੀ ਸੁੰਨੇ ਹੋ ਕੇ ਨਸ਼ੇੜੀਆਂ ਲਈ ਸੁਰੱਖਿਅਤ ਥਾਵਾਂ ਸਾਬਤ ਹੋ ਰਹੇ ਹਨ । ਖੇਡਣ ਦੇ ਦਿਨਾਂ ਵਿੱਚ ਬੱਚਿਆਂ ਦੇ ਹੱਥਾਂ 'ਚ ਮੋਬਾਇਲ ਲੱਗ ਗਿਆ ਹੈ, ਜਿਸ ਦੇ ਅਸਰ ਨਾਲ ਬੱਚਿਆਂ ਦੀਆਂ ਹੋਰ ਗਤੀਵਿਧੀਆਂ 'ਤੇ ਬ੍ਰੇਕ ਲੱਗ ਗਈ ਹੈ

**ਵਿਜੈ ਗਰਗ ਸਾਬਕਾ ਪੀਈਐਸ-1**
**ਸੇਵਾ ਮੁਕਤ ਪ੍ਰਿੰਸਪਲ,ਮਲੋਟ**

# 200 ਕਰੋੜ ਦੇ ਨਿਵੇਸ਼ ਦੇ ਨਾਲ ਆਉਟਲਾਇਨ ਸਿਸਟਮਸ ਨੇ ਮੋਹਾਲੀ ਵਿਚ ਖੋਲਿਆ ਅਪਣਾ ਨਵਾਂ ਆਫਿਸ

**ਮੋਹਾਲੀ/ਲੋਕ ਬਾਣੀ**

ਵਿਸ਼ਵ ਵੀ ਮੰਨੀ ਪ੍ਰਮੰਨੀਆਂ ਆਈਟੀ ਕੰਪਨੀ ਵਿਚੋਂ ਇਕ ਆਉਟਲਾਇਨ ਸਿਸਟਮਸ ਨੇ 200 ਕਰੋੜ ਦੇ ਨਿਵੇਸ਼ ਦੇ ਨਾਲ ਮੋਹਾਲੀ ਵਿਚ ਅਪਣਾ ਨਵਾਂ ਆਫਿਸ ਦਾ ਉਦਘਾਟਨ ਕੀਤਾ। ਕੰਪਨੀ ਦਾ ਵਿਸ਼ਵ ਪੱਧਰੀ ਮਾਪਦੰਡ ਦਾ ਇਹ ਆਫਿਸ ਲਗਭਗ ਅੱਧੇ ਏਕੜ੍ਹ ਵਿਚ 60,000 ਸਕੇਅਰ ਫੀਟ ਖੇਤਰਫਲ ਵਿਚ ਆਈਟੀ ਉਧਯੋਗ ਨੂੰ ਨਵੇਂ ਆਯਾਮ ਦੇਣ ਦੇ ਲਈ ਤਿਆਰ ਹੈ । ਕੰਪਨੀ ਦੇ ਮਾਲਿਕ ਅਤੇ ਚੀਫ ਆਪਰੇਟਿੰਗ ਆਫਿਸਰ ਜੋ ਕਿ 1996 ਤਕ ਚੰਡੀਗੜ੍ਹ ਪ੍ਰਸ਼ਾਸਨ ਵਿਚ ਨੈਸ਼ਨਲ ਇਨਫੋਰਮੇਟਿਕਸ ਸੇਂਟਰ ਵਿਚ ਇਕ ਵੱਡੀ ਪੂਜਿਸ਼ਨ ਵਿਚ ਕਾਬਿਜ ਸਨ, ਟੈਕਨੋਕ੍ਰੇਟ ਅਨਿਲ ਸ਼ਰਮਾ ਨੇ ਆਫਿਸ ਦਾ ਉਦਘਾਟਨ ਕੀਤਾ। ਉਦਘਾਟਨ ਮੌਕੇ ਤੇ ਬੋਲਦੇ ਹੋਏ ਅਨਿਲ ਸ਼ਰਮਾ ਨੇ ਦਸਿਆ ਕਿ 1997 ਵਿਚ ਬਣਾਈ ਇਹ ਕੰਪਨੀ ਦਾ ਹੁਣ ਤਕ ਦਾ ਇਹ ਸਭ ਤੋਂ ਵੱਡਾ ਨਿਵੇਸ਼ ਹੈ। ਕੰਪਨੀ ਨੇ ਅਮਰੀਕਾ ਵਿਖੇ ਵਰਜਿਨਿਆ ਅਤੇ ਚੰਡੀਗੜ ਵਿਚ ਲਗਭਗ 6000 ਤਕ ਕਰਮਚਾਰਿਆਂ ਦਾ ਬੇਸ ਹੈ ਉਤੇ ਇਹ ਨਵੇਂ ਨਿਵੇਸ਼ ਦੇ ਨਾਲ ਤਿੰਨ ਹਜਾਰ ਯੁਵਾਵਾਂ ਨੂੰ ਆਈਟੀ ਖੇਤਰ ਵਿਚ ਰੋਜਗਾਰ ਦੇ ਮੌਕੇ ਪ੍ਰਦਾਨ ਕਰੇਗਾ। ਅਨਿਲ ਸ਼ਰਮਾ ਨੇ ਦਸਿਆ ਕਿ ਉਨ੍ਹਾਂ ਦੀ ਕੰਪਨੀ ਦਾ ਵਿਜਨ ਗਾਹਕਾਂ ਦਾ ਭਰੋਸੇਮੰਦ ਭਾਗੀਦਾਰ ਬਣਕੇ ਅਤੇ ਸਥਾਨਕ ਯੁਵਾਵਾਂ ਦੇ ਲਈ ਸਥਾਈ ਰੋਜਗਾਰ ਦੇ ਮੌਕੇ ਪੈਦਾ ਕਰਕੇ ਆਈਟੀ ਅਤੇ ਕੇਪੀਉ ਉਧਯੋਗ ਦਾ ਲੀਡਰ ਬਨਣਾ ਹੈ।




ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਬਠਿੰਡਾ ਰੂਰਲ ਕੈਮਿਸਟ ਐਸੋਸੀਏਸ਼ਨ ਵੱਲੋਂ ਨਸ਼ੀਲੀਆਂ ਦਵਾਈਆਂ ਨਾ ਵੇਚਣ ਦਾ ਮਤਾ ਪਾਸ

**ਰਾਮਾਂ ਮੰਡੀ/ਅਨਿਲ ਜੈਨ**

ਦੀ ਬਠਿੰਡਾ ਰੂਰਲ ਕੈਮਿਸਟ ਐਸੋਸੀਏਸ਼ਨ ਰਜਿਸਟਰ ਨੰ.85 ਦੀ ਮੀਟਿੰਗ ਬਲਾਕ ਪ੍ਰਧਾਨ ਜਸਵਿੰਦਰ ਸਿੰਘ ਮਲਕਾਣਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵੱਖ ਵੱਖ ਮੁੱਦਿਆਂ ਤੇ ਵਿਚਾਰਾਂ ਕੀਤੀਆਂ ਗਈਆਂ ਸਾਰੇ ਹੀ ਬਲਾਕ ਵੱਲੋਂ ਸਰਵ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕੀ ਕੋਈ ਵੀ ਮੈਂਬਰ ਕਿਸੇ ਵੀ ਤਰ੍ਹਾਂ ਦਾ ਨਸ਼ਾ ਨਹੀਂ ਵੇਚੇਗਾ। ਯੂਨੀਅਨ ਵੱਲੋਂ ਹਰਿਆਣਾ ਸਰਕਾਰ ਵੱਲੋਂ ਜੋ ਕਿਸਾਨਾਂ ਤੇ ਤਸੱਦਦ ਢਾਇਆ ਗਿਆ ਉਸ ਦੀ ਕਰੜੇ ਸਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਸਹੀਦ ਹੋਏ ਕਿਸਾਨ ਲਈ ਦੋ ਮਿੰਟ ਦਾ ਮੋਨ ਧਾਰ ਕੇ ਸੱਚੇ ਦਿਲੋਂ ਸਰਧਾਂਜਲੀ ਦਿੱਤੀ ਅਤੇ ਅਰਦਾਸ ਕੀਤੀ ਕਿ ਉਸ ਦੀ ਆਤਮ ਨੂੰ ਵਾਹਿਗੁਰੂ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਜਿਨ੍ਹਾਂ ਜਲਦੀ ਹੋ ਸਕੇ ਤਿੰਨੇ ਕਿਸਾਨ ਵਿਰੋਧੀ ਬਿੱਲ ਜਲਦੀ ਤੋਂ ਜਲਦੀ ਵਾਪਿਸ ਲਏ ਲਏ ਜਾਣ।ਇਸ ਮੌਕੇ ਮੀਤ ਪ੍ਰਧਾਨ ਹਰਵਿੰਦਰ ਸਿੰਘ ਪੱਕਾ ਕਲਾ, ਕੈਸ਼ੀਅਰ ਵਿਜੇ ਸੇਖੂ, ਪ੍ਰਿੰਸ ਸਕੱਤਰ ਬਲਕਾਰ ਸਿੰਘ, ਪ੍ਰਿੰਸ ਸਕੱਤਰ ਪਰਵਿੰਦਰ ਸਿੰਘ ਕਣਕਵਾਲ, ਗੁਰਦੀਪ ਸਿੰਘ ਗਿਆਨਾ, ਮਨਜੀਤ ਸਿੰਘ ਪੱਕਾਕਲਾ, ਬਿੱਕਰ ਜੀਤ ਸਿੰਘ ਪੱਕਾਕਲਾ, ਜੱਗਾ ਸਿੰਘ ਬੰਗੀਕਲਾ, ਹੈਪੀ ਸੀਗੋ, ਅਜੀਤ ਪਾਲ ਤਿਉਣਾ ਪੁਜਾਰੀਆਂ, ਸੁਰਜੀਤ ਸਿੰਘ ਸੇਖੂ, ਇਕਬਾਲ ਸਿੰਘ ਸੀਗੋ, ਨਾਇਬ ਸਿੰਘ ਲਹਿਰੀ, ਹਰਚਰਨ ਸਿੰਘ ਬੰਗੀ, ਗਗਨਦੀਪ ਸੀਗੋ, ਮਨਪ੍ਰੀਤ ਸਿੰਘ ਪੁੰਖਿਆਵਾਲੀ, ਹਰਭਗਵਾਨ ਕੋਟਬਖਤੂ, ਵੀਰ ਦਵਿੰਦਰ ਸਿੰਘ ਪੱਕਾ ਖੁਰਦ, ਕਰਨ ਸਿੰਘ ਪੱਕਾ ਕਲਾ, ਮਨਦੀਪ ਸਿੰਘ ਜੱਜਲ, ਅਵਤਾਰ ਸਿੰਘ ਕੌਰੇਆਣਾ, ਗੁਰਪਾਲ ਸਿੰਘ ਕੌਰੇਆਣਾ ਆਦਿ ਹਾਜਰ ਸਨ।



# ਵਿਜੈ ਇੰਦਰ ਸਿੰਗਲਾ ਦੀ ਸੋਚ ਤੋਂ ਪ੍ਰੇਰਿਤ ਹੋ ਕੇ ਉਦਯੋਗਪਤੀ ਦੁਰਗਾ ਦਾਸ ਗੋਇਲ ਨੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਛੱਡ ਚੁਣਿਆ ਕਾਂਗਰਸ ਦਾ ਸਾਥ



**ਸੰਗਰੂਰ/ਵਰਮਾ**

- ਸੰਗਰੁਰ-ਸੁਨਾਮ ਰੋਡ ਨੂੰ 30 ਕਰੋੜ ਦੀ ਲਾਗਤ ਨਾਲ 4-ਲੇਨ 'ਚ ਕੀਤਾ ਜਾਵੇਗਾ ਅਪਗ੍ਰੇਡ: ਕੈਬਨਿਟ ਮੰਤਰੀ ਸਿੰਗਲਾ
- ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਹੋਏ ਵਿਕਾਸ ਸਦਕਾ ਹਲਕਾ ਵਾਸੀਆਂ ਨੂੰ ਮਿਲ ਰਹੀਆਂ ਹਨ ਉੱਚ ਪੱਧਰੀ ਸਹੂਲਤਾਂ: ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ

ਕੈਬਨਿਟ ਮੰਤਰੀ ਪੰਜਾਬ ਸਰਕਾਰ ਸ਼੍ਰੀ ਵਿਜੈ ਇੰਦਰ ਸਿੰਗਲਾ ਵੱਲੋਂ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਵਿਕਾਸ ਅਤੇ ਉਨਾਂ ਦੀ ਸੋਚ ਤੋਂ ਪ੍ਰੇਰਿਤ ਹੋ ਕੇ ਕੈਪਟਨ ਕਰਮ ਸਿੰਘ ਨਗਰ ਤੋਂ ਮਸਹੂਰ ਉਦਯੋਗਪਤੀ ਸ੍ਰੀ ਦੁਰਗਾ ਦਾਸ ਗੋਇਲ ਨੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਦਾ ਸਾਥ ਛੱਡ ਕੇ ਕਾਂਗਰਸ ਪਾਰਟੀ ਨਾਲ ਜੁੜਨ ਦਾ ਫੈਸਲਾ ਕੀਤਾ। ਨਵੇਂ ਸ਼ਾਮਲ ਹੋਣ ਵਾਲੇ ਪਰਿਵਾਰਾਂ ਨੂੰ ਜੀ ਆਇਆ ਆਖਦਿਆਂ ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਕਿਹਾ ਕਿ ਕਾਂਗਰਸ ਪਾਰਟੀ 'ਚ ਹਰ ਵਰਕਰ ਤੇ ਆਗੂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ ਅਤੇ ਅੱਜ ਸ਼ਾਮਲ ਹੋਏ ਪਰਿਵਾਰਾਂ ਦਾ ਵੀ ਪਾਰਟੀ ਵਿੱਚ ਬਣਦੇ ਮਾਨ ਸਨਮਾਨ ਦਾ ਪੂਰਾ ਖਿਆਲ ਰੱਖਿਆ ਜਾਵੇਗਾ । ਅੱਜ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਰਚਿਤ ਗੋਇਲ, ਨਤਿਸ ਗੋਇਲ, ਚੰਦਨ ਗੋਇਲ, ਵਰਿੰਦਰ ਕੁਮਾਰ, ਮਨੀ ਗੋਇਲ, ਨਿਸਾ ਗੋਇਲ, ਰੂਚੀ ਗੋਇਲ, ਆਸੀਸ ਕੁਮਾਰ, ਰੌਕੀ ਗੋਇਲ, ਸੋਮ ਨਾਥ ਗੋਇਲ, ਕਮਲੇਸ ਗੋਇਲ, ਮਦਨ ਲਾਲ ਬਾਂਸਲ, ਪਵਨ ਗਰਗ, ਰਾਕੇਸ ਗਰਗ, ਪੁਲਕਿਤ ਗੋਇਲ, ਜੈਸਮੀਨ, ਸੁਰੇਸ ਅਤੇ ਸੁਭਾਸ ਅਰੋੜਾ ਸ਼ਾਮਲ ਹਨ। ਸ਼੍ਰੀ ਵਿਜੈ ਇੰਦਰ ਸਿੰਗਲਾ ਨੇ ਦੱਸਿਆ ਕਿ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਹੋਏ ਵਿਕਾਸ ਸਦਕਾ ਸੰਗਰੂਰ ਹਲਕੇ 'ਚ ਵਸਦੇ ਲੋਕਾਂ ਨੂੰ ਉੱਚ-ਪੱਧਰੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਕਿਸੇ ਨਾਲ ਵੀ ਕੋਈ ਵਿਤਕਰਾ ਜਾਂ ਭੇਦਭਾਵ ਨਹੀਂ ਕੀਤਾ ਜਾਂਦਾ ਸਗੋਂ ਸਰਵਪੱਖੀ ਵਿਕਾਸ ਵੱਲ ਹੀ ਧਿਆਨ ਦਿੱਤਾ ਜਾਂਦਾ ਹੈ। ਉਨਾਂ ਕਿਹਾ ਕਿ ਇਹ ਕਾਂਗਰਸ ਪਾਰਟੀ ਦੀ ਹੀ ਸੋਚ ਹੈ ਕਿ ਹਲਕੇ ਹਰ ਪਿੰਡ ਤੇ ਵਾਰਡ ਨੂੰ ਪੱਕੀ ਤੇ ਨਵੀਂ ਸੜਕ ਨਾਲ ਜੋੜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸੰਗਰੂਰ-ਸੁਨਾਮ ਰੋਡ ਨੂੰ 30 ਕਰੋੜ ਦੀ ਲਾਗਤ ਨਾਲ 4-ਲੇਨ 'ਚ ਅਪਗ੍ਰੇਡ ਕੀਤਾ ਜਾ ਰਿਹਾ ਹੈ ਜਿਸ ਨਾਲ ਟ੍ਰੈਫਿਕ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਵੱਡੀ ਮਦਦ ਮਿਲੇਗੀ।

# ਜਨਮ ਅਸਟਮੀ ਦੀ ਖੁਸ਼ੀ ਵਿੱਚ ਮਹਿੰਦੀ ਪ੍ਰਤੀਯੋਗਤਾ ਕਰਵਾਈ

**ਰਾਮਾਂ ਮੰਡੀ/ਅਨਿਲ ਜੈਨ**

ਪੰਜਾਬ ਸਕਿੱਲ ਡਿਵੈਲਪਮੈਂਟ ਅਧੀਨ ਨੈਸਨਲ ਸਕਿੱਲ ਡਿਵੈਲਪਮੈਂਟ ਸੁੱਖ ਅੰਮ੍ਰਿ ਸੁਸਾਇਟੀ ਵੱਲੋਂ ਮਲਕਾਣਾ ਇੰਸਟੀਚਿਊਟਸ ਆਰੀਆ ਗਰਲਜ ਸਕੂਲ ਰਾਮਾਂ ਮੰਡੀ ਵਿਖੇ ਲੜਕੀਆਂ ਵਿਚਕਾਰ ਜਨਮ ਅਸਟਮੀ ਦੀ ਖੁਸੀ ਵਿੱਚ ਮਹਿੰਦੀ ਪ੍ਰਤੀਯੋਗਤਾ ਕਰਵਾਈ ਗਈ ਜਿਸਦਾ ਉਦਘਾਟਨ ਅਜੀਤ ਕੁਮਾਰ ਗੁਪਤਾ ਮੈਨੇਜਰ ਆਰੀਆ ਹਾਈ ਸਕੂਲ ਅਤੇ ਸਰੂਪ ਸਿੰਘ ਸਿੱਧੂ ਜਿਲ੍ਹਾ ਜਨਰਲ ਸਕੱਤਰ ਬੀਕੇਯੂ ਲੱਖੋਵਾਲ ਨੇ ਕੀਤਾ। ਇਸ ਪ੍ਰਤੀਯੋਗਤਾ ਵਿੱਚ ਸੁਨੀਤਾ ਰਾਣੀ ਨੇ ਪਹਿਲਾ, ਮੁਸਕਾਨ ਨੇ ਦੂਸਰਾ ਅਤੇ ਸਿਮਰਨ ਨੇ ਤੀਜਾ ਸਥਾਨ ਹਾਸਲ ਕੀਤਾ।ਜੇਤੂ ਵਿਦਿਆਰਥਣਾਂ ਨੂੰ ਮਹਿਮਾਨਾਂ ਵਲੋਂ ਇਨਾਮ ਵੰਡੇ ਗਏ। ਇਸ ਮੌਕੇ ਸੁੱਖ ਅੰਮ੍ਰਿ ਸੁਸਾਇਟੀ ਦੇ ਮੈਨੇਜਰ ਮੁਕੇਸ ਕੁਮਾਰ ਸੋਨੀ, ਪ੍ਰਿੰਸੀਪਲ ਮੈਡਮ ਰਿੰਪਲ ਭਗਰੀਆ, ਮੈਡਮ ਰਮਨਜੋਤ ਕੌਰ, ਮੈਡਮ ਟਿੰਕੂ ਰਾਣੀ ਅਤੇ ਸੁਨੀਤਾ ਰਾਣੀ ਵਿਸੇਸ ਤੌਰ ਤੇ ਹਾਜਰ ਸਨ।




# ਬਠਿੰਡਾ ਕੇਂਦਰੀ ਜੇਲ੍ਹ ਵਿਚ ਜੈਮਰ ਲੱਗਣ ਦੇ ਬਾਵਜੂਦ ਸੱਤ ਕੈਦੀਆਂ ਤੋਂ ਮੋਬਾਈਲ ਫੋਨ ਬਰਾਮਦ

**ਬਠਿੰਡਾ/ਅਨਿਲ ਜੈਨ**

ਪੰਜਾਬ ਦੀ ਸਭ ਤੋਂ ਵੱਧ ਸੁਰੱਖਿਅਤ ਮੰਨੀ ਜਾਂਦੀ ਕੇਂਦਰੀ ਜੇਲ੍ਹ ਬਠਿੰਡਾ ਵਿਚੋਂ ਮੋਬਾਇਲ ਫੋਨ ਦੇ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਭਾਵੇਂ ਕਿ ਜੇਲ੍ਹ ਪ੍ਰਸ਼ਾਸ਼ਨ ਨੇ ਬੰਦੀਆਂ ਵੱਲੋਂ ਕੀਤੀ ਜਾ ਰਹੀ ਫੋਨ ਦੀ ਵਰਤੋਂ ਨੂੰ ਰੋਕਣ ਲਈ ਜੈਮਰ ਲਗਾ ਦਿੱਤੇ ਹਨ, ਪਰ ਇਸਦੇ ਬਾਵਜੂਦ ਕੈਦੀ ਅਤੇ ਹਵਾਲਾਤੀ ਸੁਰੱਖਿਆ ਪ੍ਰਬੰਧਾਂ ਦੀਆਂ ਧੱਜੀਆਂ ਉਡਾਉਂਦਿਆਂ ਮੋਬਾਇਲ ਫੋਨ ਦੀ ਵਰਤੋਂ ਧੜੱਲੇ ਨਾਲ ਕਰ ਰਹੇ ਹਨ। ਤਾਜ਼ਾ ਮਾਮਲੇ ਵਿਚ ਜੇਲ੍ਹ ਪ੍ਰਸ਼ਾਸ਼ਨ ਨੇ ਜੇਲ੍ਹ ਅੰਦਰੋਂ ਸੱਤ ਮੋਬਾਇਲ ਫੋਨ ਬਰਾਮਦ ਕਰਕੇ ਸੱਤ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਸਭ ਤੋਂ ਸੁਰੱਖਿਅਤ ਮੰਨੀ ਜਾਂਦੀ ਜੇਲ੍ਹ ਵਿਚ ਜਿਥੇ ਪੰਜਾਬ ਦੇ ਖਤਰਨਾਕ ਗੈਂਗਸਟਰਾਂ ਨੂੰ ਰੱਖਿਆ ਗਿਆ ਹੈ ਉਥੇ ਹੀ ਦੂਜੇ ਸੂਬਿਆਂ ਦੇ ਖਤਰਨਾਕ ਅਪਰਾਧੀ ਵੀ ਇਸ ਜੇਲ੍ਹ ਵਿਚ ਸਜਾ ਕੱਟ ਰਹੇ ਹਨ । ਜੇਲ੍ਹ ਦੀ ਸੁਰੱਖਿਆ ਦਾ ਜ਼ੰਮਾ ਕੇਂਦਰੀ ਰਿਜਰਵ ਪੁਲਿਸ ਬਲ (ਸੀਆਰਪੀਐਫ) ਦੇ ਹੱਥ ਹੈ। ਇਸ ਦੇ ਬਾਵਜੂਦ ਜੇਲ੍ਹ ਦੇ ਅੰਦਰ ਮੋਬਾਈਲ ਫ਼ੋਨ ਪਹੁੰਚਣਾ ਇਕ ਬੁਝਾਰਤ ਬਣਿਆ ਹੋਇਆ ਹੈ। ਜਾਣਕਾਰੀ ਅਨੁਸਾਰ 28 ਅਗਸਤ ਨੂੰ ਕੇਂਦਰੀ ਜੇਲ ਵਿਚ ਤਲਾਸ਼ੀ ਮੁਹਿੰਮ ਚਲਾਈ ਗਈ ਸੀ। ਇਸ ਦੌਰਾਨ ਵੱਖ ਵੱਖ ਬੈਰਕਾਂ ਵਿਚੋਂ ਸੱਤ ਮੋਬਾਇਲ ਫੋਨ ਬਰਾਮਦ ਕੀਤੇ ਗਏ। ਇਸ 'ਤੇ ਕਾਰਵਾਈ ਕਰਦਿਆਂ ਹੋਇਆ ਕੇਂਦਰੀ ਜੇਲ੍ਹ ਦੇ ਸਹਾਇਕ ਸੁਪਰਡੈਂਟ ਬਿੰਦਰ ਸਿੰਘ ਨੇ ਥਾਣਾ ਕੈਂਟ ਦੀ ਪੁਲਿਸ ਨੂੰ ਪੱਤਰ ਲਿਖ ਕੇ ਸੱਤ ਦੋਸੀਆ ਖਲਿਾਫ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਇਸ ਸਬੰਧੀ ਥਾਣਾ ਕੈਂਟ ਦੇ ਏਐੱਸਆਈ ਜਸਪਾਲ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਵੱਲੋਂ ਮਿਲੀ ਸ਼ਿਕਾਇਤ ਦੇ ਆਧਾਰ 'ਤੇ ਕੁਲਦੀਪ ਸਿੰਘ ਵਾਸੀ ਪਿੰਡ ਮਾਨਵਾਲਾ, ਲਖਵੀਰ ਸਿੰਘ ਵਾਸੀ ਗਿੱਲਪੱਤੀ, ਹਰਪ੍ਰੀਤ ਸਿੰਘ ਵਾਸੀ ਮਲੂਕਾ ,ਅੰਮ੍ਰਿਤਪਾਲ ਸਿੰਘ ਵਾਸੀ ਚੱਕ ਬਖਤੂ ਅਤੇ ਮਨਪ੍ਰੀਤ ਸਿੰਘ , ਰਾਜਦੀਪ ਸਿੰਘ ਤੇ ਹਰਦੀਪ ਸਿੰਘ ਖਲਿਾਫ ਸੈਕਸ਼ਨ 52 ਏ ਪ੍ਰੀਜਨ ਐਕਟ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਕਥਿਤ ਦੋਸ਼ੀਆਂ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਉਨ੍ਹਾਂ ਕੋਲ ਮੋਬਾਈਲ ਫੋਨ ਕਿਸ ਤਰ੍ਹਾਂ ਪਹੁੰਚੇ ਹਨ।

# ਔਰਤਾਂ ਅਤੇ ਕਿਸਾਨਾਂ 'ਤੇ ਅੱਤਿਆਚਾਰ ਦੇ ਵਿਰੋਧ ਵਿੱਚ 'ਆਪ' ਨੇ ਘੇਰਿਆ ਪੰਜਾਬ ਭਾਜਪਾ ਦਾ ਦਫ਼ਤਰ

**ਮੋਗਾ/ਦਵਿੰਦਰ ਸਿੰਘ ਬਿੱਟੂ**



ਜਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਦਿਦਾਰੇਵਾਲਾ ਨੇ ਦਸਿਆ ਕਿ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮਹਿਲਾ ਵਿੰਗ ਵੱਲੋਂ ਪੰਜਾਬ ਸਮੇਤ ਦੇਸ਼ 'ਚ ਔਰਤਾਂ ਅਤੇ ਕਿਸਾਨਾਂ ਖਿਲਾਫ਼ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਭੱਦੀ ਸ਼ਬਦਾਵਲੀ ਅਤੇ ਹਮਲੇ ਕਰਨ ਵਿਰੁਧ ਬੀਤੇ ਦਿਨ ਪੰਜਾਬ ਭਾਜਪਾ ਦੇ ਚੰਡੀਗੜ੍ਹ ਸਥਿਤ ਸੂਬਾ ਦਫ਼ਤਰ ਦਾ ਘਿਰਾਓ ਕੀਤਾ ਗਿਆ। ਮਹਿਲਾਂ ਵਰਕਰਾਂ ਨੇ ਨਰਿੰਦਰ ਮੋਦੀ, ਅਮਿਤ ਸ਼ਾਹ, ਮਨੋਹਰ ਲਾਲ ਅਤੇ ਭਾਜਪਾ ਖ਼ਿਲਾਫ਼ ਜ਼ਬਰਦਸਤ ਨਾਅਰੇਬਾਜੀ ਕੀਤੀ, ਜਦੋਂ ਕਿ ਪ੍ਰਦਰਸ਼ਨਕਾਰੀਆਂ ਨੂੰ ਭਾਜਪਾ ਦਫ਼ਤਰ ਜਾਣ ਤੋਂ ਰੋਕਣ ਲਈ ਚੰਡੀਗੜ੍ਹ ਪੁਲੀਸ ਵੱਲੋਂ ਲਾਠੀਚਾਰਜ ਅਤੇ ਜਲ ਤੋਪਾਂ ਦੀ ਵਰਤੋਂ ਕੀਤੀ ਗਈ। ਇਸ ਦੌਰਾਨ 'ਆਪ' ਦੀ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਰਾਜਵਿੰਦਰ ਕੌਰ ਅਤੇ ਯੂਥ ਆਗੂ ਅਨਮੋਲ ਗਗਨ ਮਾਨ ਨੂੰ ਗੰਭੀਰ ਸੱਟਾਂ ਲੱਗੀਆਂ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ।

ਹਰਮਨਜੀਤ ਸਿੰਘ ਦਿਦਾਰੇਵਾਲਾ ਨੇ ਕਿਹਾ ਕਿ ਸੱਤਾ ਦੇ ਹੰਕਾਰ 'ਚ ਭਾਜਪਾ ਦੇ ਗੁੰਡੇ ਦੇਸ਼ ਦੀਆਂ ਸੁਚੱਜੀਆਂ ਕਦਰਾਂ ਕੀਮਤਾਂ ਭੁੱਲ ਚੁੱਕੇ ਹਨ। ਸੱਤਾਧਾਰੀਆਂ ਦੀ ਪੁਲੀਸ ਵੀ ਔਰਤਾਂ ਤੇ ਕਿਸਾਨਾਂ 'ਤੇ ਅੱਤਿਆਚਾਰ ਕਰਨ ਨੂੰ ਆਪਣੀ ਪ੍ਰਾਪਤੀ ਸਮਝਣ ਲੱਗੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਕਰਨ ਲਈ ਜ਼ਿੰਮੇਵਾਰ ਪੁਲੀਸ ਗੁੰਡਿਆਂ ਦਾ ਸਾਥ ਦੇ ਰਹੀ ਹੈ ਅਤੇ ਸੂਬਾਈ ਅਤੇ ਕੇਂਦਰੀ ਮਹਿਲਾ ਕਮਿਸ਼ਨ ਔਰਤਾਂ ਦੇ ਮਾਮਲਿਆਂ 'ਤੇ ਚੁੱਪਧਾਰੀ ਬੈਠੇ ਹਨ। ਭਾਜਪਾ ਦੇ ਦਫ਼ਤਰ ਵੱਲ ਜਾ ਰਹੀਆਂ ਮਹਿਲਾ ਵਰਕਰਾਂ ਨੂੰ ਚੰਡੀਗੜ੍ਹ ਪੁਲੀਸ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਾਰੀਆਂ ਰੋਕਾਂ ਨੂੰ ਤੋੜਦੀਆਂ ਹੋਈਆਂ ਅੱਗੇ ਵਧਦੀਆਂ ਗਈਆਂ। ਪੁਲੀਸ ਨੇ ਉਨ੍ਹਾਂ 'ਤੇ ਪਾਣੀ ਦੀਆਂ ਬੁਛਾਰਾਂ ਮਾਰੀਆਂ ਅਤੇ ਲਾਠੀਚਾਰਜ ਕੀਤਾ। ਪੁਲੀਸ ਵੱਲੋਂ ਕੀਤੇ ਲਾਠਚਾਰਜ ਕਾਰਨ ਬਹੁਤ ਸਾਰੀਆਂ ਔਰਤਾਂ ਨੂੰ ਸੱਟਾਂ ਲੱਗੀਆਂ। ਜਿਨ੍ਹਾਂ ਵਿੱਚ ਵਿੰਗ ਦੀ ਸੂਬਾ ਪ੍ਰਧਾਨ ਰਾਜਵਿੰਦਰ ਕੌਰ ਥਿਆੜਾ ਅਤੇ ਯੂਥ ਵਿੰਗ ਦੀ ਸੂਬਾ ਸਹਿ ਪ੍ਰਧਾਨ ਅਨਮੋਲ ਗਗਨ ਮਾਨ ਨੂੰ ਮੋਹਾਲੀ ਹਸਪਤਾਲ 'ਚ ਦਾਖ਼ਿਲ ਕਰਵਾਇਆ ਗਿਆ। ਉਹਨਾਂ ਇਸ ਘਟਨਾ ਦੀ ਨਿੰਦਿਆ ਕਰਦੇ ਕਿਹਾ ਕਿ ਜਿਸ ਗੁਰੂਆਂ -ਪੀਰਾਂ ਦੀ ਧਰਤੀ 'ਤੇ ਔਰਤਾਂ ਦੀ ਇਜ਼ੱਤ ਬਚਾਉਣ ਲਈ ਪੰਜਾਬੀ ਆਪਣੀਆਂ ਜਾਨਾ ਵੀ ਵਾਰ ਦਿੰਦੇ ਆ, ਉੱਥੇ ਦੇ ਗੁੰਡਿਆਂ ਵੱਲੋਂ ਇੱਕ ਔਰਤ ਦੀ ਗੁੱਤ ਪੁੱਟ ਕੇ ਇਜ਼ੱਤ ਉਛਾਲੀ ਗਈ, ਲਾਠੀਚਾਰ, ਪਾਣੀ ਦੀਆਂ ਬੁਸ਼ਾਰਾ ਕੀਤੀਆਂ ਗਈਆਂ, ਲਾਹਨਤ ਹੈ ਇਨ੍ਹਾਂ ਦੀ ਔਰਤ ਪੱਖੀ ਸੋਚ 'ਤੇ! ਉਹਨਾਂ ਨਾਲ ਨਵਦੀਪ ਸੰਘਾ, ਦਵਿੰਦਰਜੀਤ ਲਾਡੀ ਢੋਸ, ਅਮ੍ਰਿਤਪਾਲ ਸਿੰਘ ਸਿੱਧੂ, ਮਨਜੀਤ ਸਿੰਘ ਬਿਲਾਸਪੁਰਪੁਰ, ਅਮਨ ਰਖਰਾ, ਦੀਪਕ ਸਮਾਲਸਰ, ਤੇਜਿੰਦਰ ਬਰਾੜ, ਹਰਮੇਲ ਸਿੰਘ ਮਜੂਦ ਸਨ।

# ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਬਸੰਤ ਰਿਤੂ ਕਲੱਬ ਨੇ ਲਗਾਏ ਤ੍ਰਿਵੇਣੀ ਦੇ ਪੌਦੇ



**ਪਟਿਆਲਾ/ਜਗਦੀਸ ਰਾਈਕਾ**

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਨਹਿਰੂ ਯੂਵਾ ਕੇਂਦਰ ਪਟਿਆਲਾ ਅਤੇ ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਦੇ ਸਹਿਯੋਗ ਨਾਲ ਬਾਰਾਦਰੀ ਬਾਗ ਵਿਖੇ ਸਰਕਲ ਹਾਊਸ ਦੇ ਸਾਹਮਣੇ ਵਣ ਮਹਾ ਉਸਤਸਵ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ। ਇਸ ਵਣ ਮਹਾ ਉਤਸਵ ਪ੍ਰੋਗਰਾਮ ਵਿੱਚ ਡਾ. ਬਲਬੀਰ ਸਿੰਘ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੁੱਖ ਮਹਿਮਾਨ ਵਜੋਂ ਪੁੱਜੇ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸਕੱਤਰ ਇੰਜੀ: ਰੋਬਿੰਨ ਸਿੰਘ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਅੱਜ ਦੇ ਜਨਮ ਅਸ਼ਟਮੀ ਦੇ ਮਹਾ ਉਤਸਵ ਦੇ ਮੌਕੇ ਕਲੱਬ ਵੱਲੋਂ ਪਿੱਪਲ, ਬਰੋਟਾ, ਨਿਮ, ਤ੍ਰਿਵੇਣੀਆਂ ਦੇ ਪੌਦੇ ਲਗਾਏ ਗਏ ਅਤੇ ਡਾ. ਬਲਬੀਰ ਸਿੰਘ ਵੱਲੋਂ ਤ੍ਰਿਵੇਣੀ ਦਾ ਪੌਦਾ ਲਗਾ ਕੇ ਉਦਘਾਟਨ ਕੀਤਾ ਅਤੇ ਉਹਨਾਂ ਆਖਿਆ ਕਿ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਦੇ ਨਾਲ ਉਹਨਾਂ ਦਾ ਸਬੰਧ ਪਿਛਲੇ 27 ਸਾਲਾਂ ਤੋਂ ਹੈ ਅਤੇ ਕਲੱਬ ਕੁਦਰਤ ਦੀ ਸੇਵਾ ਕਰਦੇ ਹੋਏ ਜੋ ਤ੍ਰਿਵੇਣੀ ਦੇ ਪੌਦੇ ਲਗਾ ਰਿਹਾ ਹੈ ਉਹ ਇੱਕ ਸ਼ਲਾਘਾਯੋਗ ਕਦਮ ਹੈ ਅਤੇ ਉਹਨਾਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਕਲੱਬੁ ਨੂੰ ਪੂਰਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਅਤੇ ਚੇਅਰਮੈਨ ਰਾਮ ਜੀ ਦਾਸ ਨੇ ਵੀ ਆਪਣੇ ਸੰਬੋਧਨ ਵਿੱਚ ਬੋਲਦਿਆਂ ਆਖਿਆ ਕਿ ਕਲੱਬ ਵੱਲੋਂ ਪਟਿਆਲਾ ਜਿਲ੍ਹੇ ਵਿੱਚ ਤ੍ਰਿਵੇਣੀ ਦੇ ਪੌਦੇ ਲਗਾਉਣ ਦਾ ਪ੍ਰੋਗਰਾਮ ਜੋ ਉਲੀਕਿਆ ਗਿਆ ਹੈ ਇਨ੍ਹਾਂ ਪ੍ਰੋਗਰਾਮਾਂ ਤਹਿਤ ਕਲੱਬ ਸਾਂਝੀਆਂ ਥਾਵਾਂ ਤੇ ਤ੍ਰਿਵੇਣੀ ਦੇ ਪੌਦੇ ਲਗਾਵੇਗਾ। ਇਸ ਪ੍ਰੋਗਰਾਮ ਵਿੱਚ ਕਾਕਾ ਰਾਮ ਵਰਮਾ, ਯਸ਼ਪਾਲ ਬੇਦੀ, ਇੰਜੀ: ਮੇਹਰਬਾਨ ਸਿੰਘ ਮਾਗੋ, ਇੰਜੀ: ਤਰਸੇਮ ਲਾਲ, ਅਸ਼ੋਕ ਨਾਸਰਾ, ਰਾਜ ਸਿੰਘ ਟਿਵਾਣਾ, ਅਮਰੀਸ਼ ਸ਼ਰਮਾ, ਮੁਕੇਸ਼ ਕੁਮਾਰ, ਅਭਿਨਵ ਸ਼ਰਮਾ, ਨਵਕੇਤ, ਆਨੰਤ, ਇੰਜੀ: ਰੁਪਿੰਦਰ ਸਿੰਘ, ਸੰਤੋਸ਼ ਕੁਮਾਰ, ਸੁਭਾਸ਼ ਚੰਦ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਸਿੰਘ ਜਾਗਦੇ ਰਹੋ, ਵਿਨੋਦ ਸ਼ਰਮਾ ਅਬਲੋਵਾਲ, ਧਰਮਿੰਦਰ ਕੁਮਾਰ, ਫਕੀਰ ਚੰਦ ਸ਼ਰਮਾ, ਜੋਗਿੰਦਰ ਸਿੰਘ ਕੁਤਬਨਪੁਰ ਨਰਸਰੀ ਆਦਿ ਬਹੁ ਗਿਣਤੀ ਮੈਂਬਰਾਂ ਨੇ ਭਾਗ ਲਿਆ।



# ਕਿਰਤ ਕਿਸਾਨ ਅਤੇ ਵਪਾਰ ਪੰਜ ਆਬ ਦਾ ਬਣਨ ਅਧਾਰ

## ਪੰਜਾਬ ਦੇ ਜਵਾਨ, ਕਿਸਾਨ ਅਤੇ ਦੁਕਾਨਦਾਰ ਬਚਾਉਣ ਲਈ ਕਰਵਾਇਆ ਗਿਆ ਸੈਮੀਨਾਰ

**ਬਾਘਾ ਪੁਰਾਣਾ/ਰਿੱਕੀ ਆਨੰਦ**

ਅੱਜ ਬਾਘਾ ਪੁਰਾਣਾ ਵਿੱਚ ਲੋਕ ਅਧਿਕਾਰ ਲਹਿਰ ਵੱਲੋ ਇੱਕ ਸੈਮੀਨਾਰ ਕਰਵਾਇਆ ਗਿਆ । ਇਸ ਸਮਾਗਮ ਦਾ ਪ੍ਰਬੰਧ ਅਮਰਜੀਤ ਸਿੰਘ ਰਾਜਿਆਣਾ ਦੀ ਅਗੁਵਾਈ ਵਿੱਚ ਆੜਤੀਆਂ ਭਾਈਚਾਰੇ ਵੱਲੋਂ ਕੀਤਾ ਗਿਆ । ਇਸ ਸੈਮੀਨਾਰ ਵਿੱਚ ਹਰ ਵਰਗ ਜਿਵੇਂ ਕਿ ਪ੍ਰੋਗਰੈਸਿਵ ਫਾਰਮਰ, ਕਿਸਾਨ, ਮਜ਼ਦੂਰ, ਆੜਤੀਆਂ ਐਸੋਸੀਏਸ਼ਨ, ਰਾਈਸ ਮਿੱਲ ਐਸੋਸੀਏਸ਼ਨ, ਅਤੇ ਕਈ ਹੋਰ ਲੋਕਾਂ ਨੇ ਇਸ ਸੈਮੀਨਾਰ ਵਿੱਚ ਹਿੱਸਾ ਲਿਆ । ਇਸ ਸੈਮੀਨਾਰ ਦਾ ਮੰਤਵ ਇਹ ਸੀ ਕਿ ਪੰਜਾਬ ਦੀ ਖੇਤੀ ਅਤੇ ਵਪਾਰ ਨੀਤੀ ਕਿਹੋ ਜਿਹੀ ਹੋਵੇ, ਰੁਜ਼ਗਾਰ ਕਿਸ ਤਰ੍ਹਾਂ ਪੈਦਾ ਕੀਤਾ ਜਾ ਸਕਦਾ ਹੈ, ਪੰਜਾਬ ਦੇ ਲੋਕਾਂ ਦੀ ਆਰਥਿਕਤਾ ਵਿੱਚ ਸੁਧਾਰ ਕੀਤਾ ਜਾਵੇ, ਬੱਚਿਆਂ ਦੀ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕਿਸ ਤਰ੍ਹਾਂ ਦੀ ਨੀਤੀ ਹੋਣੀ ਚਾਹੀਦੀ ਹੈ । ਇਕੱਠੇ ਹੋਣ ਦਾ ਮਤਲਬ ਸੀ ਕਿ ਇਕੱਠੇ ਹੋ ਕੇ ਲੜਾਈ ਲੜਨੀ ਅਤੇ ਮਸਲਿਆਂ ਦੇ ਹਲ ਕਰਵਾਉਣੇ । 25 ਸਾਲਾਂ ਤੋਂ ਹਰ ਇੱਕ ਸਾਲ ਕਰਜ਼ੇ ਅਤੇ ਵਿਆਜ ਦਾ ਬੋਝ ਪੰਜਾਬ ਦੇ ਸਿਰ ਵੱਧ ਰਿਹਾ ਹੈ ਅਤੇ ਇਹ ਬੋਝ ਆਪਣੇ ਵਰਗੇ ਲੋਕਾਂ ਤੇ ਹੀ ਪੈ ਰਿਹਾ ਹੈ । ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਸਰਕਾਰੀ ਜਾਇਦਾਦਾਂ ਅਤੇ ਜਨਤਕ ਅਦਾਰੇ ਵੱਡੇ ਕਾਰਪੋਰੇਸ਼ਨ ਘਰਾਣਿਆਂ ਨੂੰ ਵੇਚ ਰਹੀ ਹੈ ਅਤੇ ਇਸ ਨਾਲ ਸਰਕਾਰੀ ਰੁਜ਼ਗਾਰ ਅਤੇ ਸਰਕਾਰ ਦੀ ਆਮਦਨ ਘਟ ਰਹੀ ਹੈ । ਮਹਿੰਗਾਈ ਅਤੇ ਸਰਕਾਰੀ ਟੈਕਸ ਸਿੱਖਰਾਂ ਤੇ ਹਨ । ਇਸ ਸਮਾਗਮ ਵਿੱਚ ਕਿਸਾਨ ਅੰਦੋਲਨ ਦੀ ਹਿਮਾਇਤ ਕਰਨ ਵਾਲੇ ਗੋਲਡਨ ਹੱਟ ਵਾਲੇ ਰਾਮ ਸਿੰਘ ਰਾਣਾ ਵਿਸ਼ੇਸ਼ ਤੌਰ ਤੇ ਪਹੁੰਚੇ । ਗੱਲਬਾਤ ਦੌਰਾਨ ਰਾਮ ਸਿੰਘ ਰਾਣਾ ਨੇ ਦੱਸਿਆ ਕਿ ਪਰਮਾਤਮਾ ਦੀ ਕਿਰਪਾ ਨਾਲ ਮੇਰੇ ਵੱਲੋਂ ਕਿਸਾਨਾਂ ਲਈ ਚੱਲ ਰਿਹਾ ਲੰਗਰ ਜਿੰਨੀ ਦੇਰ ਤੱਕ ਸੰਘਰਸ਼ ਚਲਦਾ ਰਹੇ ਗਾ ਉਦੋਂ ਤੱਕ ਚਲਦਾ ਰਹੇਗਾ ਰਾਣਾ ਨੇ ਦੱਸਿਆ ਕਿ ਰੋਜ਼ ਦਾ ਲੱਗਭਗ ਪੰਜ ਲੱਖ ਦਾ ਖ਼ਰਚ ਆਉਂਦਾ ਹੈ । ਰਾਮ ਸਿੰਘ ਰਾਣਾ ਨੇ ਕਿਸਾਨਾਂ ਨੂੰ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਹਿੰਮਤ ਨਾ ਹਾਰੋ, ਸੰਘਰਸ਼ ਜਾਰੀ ਰੱਖੋ ਅਤੇ ਦਿੱਲੀ ਬਾਰਡਰ ਤੇ ਪਹੁੰਚੋ ਜਦੋਂ ਤੱਕ ਕਿ ਕਿਸਾਨ ਵਿਰੋਧੀ ਬਿੱਲ ਰੱਦ ਨਾ ਹੋ ਜਾਣ । ਰਾਣਾ ਨੇ ਕਿਹਾ ਕਿ ਪੰਜਾਬ ਆਕੇ ਮੈਨੂੰ ਬਹੁਤ ਚੰਗਾ ਲੱਗਿਆ ਅਤੇ ਬਹੁਤ ਹੀ ਮਾਣ ਸਨਮਾਨ ਮਿਲਿਆ । ਮੈਂ ਵਾਹਿਗੁਰੂ ਨੂੰ ਅਰਦਾਸ ਕਰਦਾ ਹਾਂ ਕਿ ਜੋ ਮੇਰੀ ਸੇਵਾ ਪਰਮਾਤਮਾ ਨੇ ਲਗਾਈ ਹੈ ਉਸ ਵਿੱਚ ਕੋਈ ਵਿਘਣ ਨਾ ਪਵੇ ਅਤੇ ਉਦੋਂ ਤੱਕ ਆਪਣੀ ਸੇਵਾ ਕਿਸਾਨ ਵੀਰਾਂ ਲਈ ਜਾਰੀ ਰੱਖਾ ਗਾ ਜਦੋ ਤੱਕ ਜ਼ਰੂਰਤ ਰਹੇ ਗੀ। ਇਸ ਸਮਾਗਮ ਵਿੱਚ ਆਰਥਿਕ ਮਾਹਿਰਾਂ ਅਤੇ ਬੁੱਧੀ ਜੀਵ ਲੋਕਾਂ ਨੇ ਸ਼ਿਰਕਤ ਕੀਤੀ । ਜਿਸ ਵਿੱਚ ਡਾ: ਰਣਜੀਤ ਸਿੰਘ ਘੁੰਮਣ, ਡਾ: ਗੁਰਇਕਬਾਲ ਸਿੰਘ, ਬਲਵਿੰਦਰ ਸਿੰਘ, ਰੁਪਿੰਦਰ ਸਿੰਘ, ਮੇਘ ਰਾਜ ਲੱਲਾ, ਕਿਸਾਨ ਆਗੂ ਨਿਰਮਲ ਸਿੰਘ ਮਾਣੂੰਕੇ, ਸਮਾਜਸੇਵੀ ਜਸਲੀਨ ਕੌਰ, ਸ਼ਾਮਿਲ ਸਨ । ਇਹਨਾਂ ਲੋਕਾਂ ਨੇ ਆਪਣੇ ਆਪਣੇ ਭਾਸ਼ਣ ਦੌਰਾਨ ਆਪਣੇ ਤੱਥ ਪੇਸ਼ ਕੀਤੇ ਅਤੇ ਦੱਸਿਆ ਕਿ ਕਿਸ ਤਰ੍ਹਾਂ ਨਾਲ ਸਰਕਾਰਾਂ ਓਹਨਾਂ ਨੂੰ ਬੇਵਕੂਫ਼ ਬਣਾ ਸਾਡਾ ਨੁਕਸਾਨ ਕਰ ਰਹੇ ਹਨ । ਪੰਜਾਬ ਦੀ ਆਰਥਿਕ ਸਥਿਤੀ ਕਿਓਂ ਵਿਗੜ ਰਹੀ ਹੈ, ਨੌਜਵਾਨ ਕਿਓਂ ਵਿਦੇਸ਼ਾਂ ਵੱਲ ਜਾ ਰਹੇ ਹਨ, ਕਿਓਂ ਨਸ਼ਾ ਪੰਜਾਬ ਦੀ ਨੌਜਵਾਨੀ ਦੀਆਂ ਨੱਸਾਂ ਵਿੱਚ ਫੈਲ ਰਿਹਾ ਹੈ । ਇਸ ਸਭ ਤੇ ਸੋਚ ਵਿਚਾਰ ਕਰਨ ਦੀ ਜ਼ਰੂਰਤ ਹੈ । ਪੰਜਾਬ ਨੂੰ ਕਿਹੜੀ ਬਿਮਾਰੀ ਲੱਗ ਗਈ ਹੈ ਅਤੇ ਪੰਜਾਬ ਕਿਓਂ ਖੜ ਗਿਆ ਹੈ ਇਹ ਸਭ ਸਵਾਲ ਆਪਣੇ ਆਪ ਨੂੰ ਕਰਨ ਦੀ ਲੋੜ ਹੈ ਅਤੇ ਉਸ ਤੋਂ ਬਾਅਦ ਇਹਨਾਂ ਸਿਆਸਤਦਾਨਾਂ ਨੂੰ ਪੁੱਛੋ ਕਿ ਇਹ ਸਭ ਕਿਓਂ ਹੋ ਰਿਹਾ ਹੈ ।

# ਕਲਕੱਤਾ ਸਿੰਘ ਕਾਂਗਰਸ ਸੇਵਾ ਦਲ ਦੇ ਹਲਕਾ ਇੰਚਾਰਜ ਨਿਯੁਕਤ



**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਪੰਜਾਬ ਪ੍ਰਦੇਸ ਕਾਂਗਰਸ ਸੇਵਾ ਦਲ ਵੱਲੋ ਹਲਕਾ ਤਲਵੰਡੀ ਸਾਬੋ ਵਿੱਚ ਸਰਗਰਮੀਆਂ ਤੇਜ ਕਰ ਦਿੱਤੀਆਂ ਗਈਆਂ ਹਨ ਜਿਸ ਤਹਿਤ ਅੱਜ ਕਲਕੱਤਾ ਸਿੰਘ ਮਾਨ ਨੂੰ ਪੰਜਾਬ ਪ੍ਰਦੇਸ ਕਾਂਗਰਸ ਸੇਵਾ ਦਲ ਵੱਲੋ ਹਲਕਾ ਇੰਚਰਾਜ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਅੱਜ ਡਾ. ਸੁਖਦਰਸਨ ਸਿੰਘ ਜਰਨਲ ਸੈਕਟਰੀ ਪੰਜਾਬ ਅਤੇ ਇੰਚਾਰਜ ਮਾਲਵਾ ਜੋਨ ਸੇਵਾ ਦਲ, ਰਾਮ ਸਿੰਘ ਬਰਾੜ ਸੈਕਟਰੀ ਪੰਜਾਬ ਅਤੇ ਬਠਿੰਡਾ ਇੰਚਾਰਹ ਸੇਵਾ ਦਲ ਅਤੇ ਅਵਤਾਰ ਸਿੰਘ ਦਿਉਣ ਪ੍ਰਧਾਨ ਜਿਲਾ ਦਿਹਾਤੀ ਬਠਿੰਡਾ ਨੇ ਕੀਤੀ। ਨਿਯੁਕਤੀ ਪੱਤਰ ਦਿੱਤੇ ਜਾਣ 'ਤੇ ਆਗੂਆਂ ਨੇ ਕਲਕੱਤਾ ਸਿੰਘ ਮਾਨ ਨੂੰ ਵਧਾਈ ਦਿੰਦੇ ਹੋਏ ਆਸ ਪ੍ਰਗਰ ਕੀਤੀ ਇਹ ਸੇਵਾ ਦਲ ਵੱਲੋਂ ਦਿੱਤੀ ਡਿਊਟੀ ਨੂੰ ਤਨ ਮਨ ਨਾਲ ਨਿਭਾਉਣਗੇ ਜਦੋਂਕਿ ਨਵੇਂ ਹਲਕਾ ਨਿਯੁਕਤ ਹਲਕਾ ਇੰਚਾਰਜ ਕਲਕੱਤਾ ਸਿੰਘ ਮਾਨ ਨੇ ਹਾਈਕਾਮਨ ਅਤੇ ਸਮੂਹ ਸੇਵਾ ਦਲ ਦੀ ਟੀਮ ਦਾ ਧੰਨਵਾਦ ਕਰਦੇ ਹੋਏ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਨਿਭਾਉਣ ਦਾ ਵਾਧਾ ਕੀਤਾ। ਉਹਨਾਂ ਕਿਹਾ ਕਿ ਜਲਦੀ ਹੀ ਅਸੀ ਇੱਕ ਟੀਮ ਬਣ ਕੇ ਕਾਂਗਰਸ ਪਾਰਟੀਆਂ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਦਾ ਕੰਮ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ ਸਰਪੰਚ ਮਲੜੀ, ਬਲਵਿੰਦਰ ਸਿੰਘ ਸਾਬਕਾ ਸਰਪੰਚ ਰੋੜੀ, ਬਲਵਿੰਦਰ ਸਿੰਘ ਮੈਂਬਰ ਬਲਾਕ ਸੰਮਤੀ ਰੋੜੀ, ਕਾਕਾ ਸ਼ਰਮਾ, ਸੋਨੀ ਬੈਨੀਵਾਲ, ਜੋਤ ਸਿੱਧੂ ਵੀ ਮੌਜੂਦ ਸਨ।


ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)



ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111